
ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

29

April - June 2018

# ਸੈਣੀ ਸੰਸਾਰ

# Saini Sansar




ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਜੀਵਨ ਜਾਚ
- ਸੈਣੀ ਭਵਨ ਦੀਆਂ ਸਰਗਰਮੀਆਂ
- ਮੁਰੱਬਿਆਂ ਦਾ ਮਾਲਕ ਹਜ਼ਰਤ ਬਾਬਾ ਨਾਨਕ
- ਅਣਗੌਲਿਆ ਇਤਿਹਾਸ
- ਵਧਾਈਆਂ ਤੇ ਧੰਨਵਾਦ
- ਰੌਚਿਕ ਸਾਹਿਤਕ ਰਚਨਾਵਾਂ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VIII, Issue - II

# Saini Sansar

(Quarterly)

April - June 2018

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**FOUNDER**

**Late Sh. L.R. Mundra**
Asstt. Police Commissioner (Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singn Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 07.04.2018**

# ਸੈਣੀ ਸੰਸਾਰ

(ਤਿਮਾਹੀ)

ਜਿਲਦ 8, ਅੰਕ 2 ਅਪ੍ਰੈਲ - ਜੂਨ 2018

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਕਵਰ 'ਤੇ ਫੋਟੋ :

**Netherlands Mountains Range Tulips Flower Field**

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ | 5-7 |
| ਸ਼ੂਰਸੈਣੀ ਰਾਜਾ - ਪੋਰਸ | 8-9 |
| ਮਾਨਵ ਵਿਗਿਆਨੀ - ਡਾ. ਆਰ.ਐੱਸ.ਬਲਗੀਰ | 10-11 |
| Activities & Events of Saini Bhawan 2017-18 | 12-14 |
| ਇਤਿਹਾਸਕ ਗੁਰੂ-ਸਥਾਨਾਂ ਦੀ ਖੋਜ | 15-17 |
| ਕਹਾਣੀ - ਧੁੰਦ 'ਚ ਫਸਿਆ ਸੱਚ | 18 |
| ਖ਼ੂਬਸੂਰਤੀ, ਪੰਜਾਬੀ ਬੋਲੀ ਦੀ | 19-20 |
| ਆਧੁਨਿਕ ਸੰਤ - ਅਲਬਰਟ ਸ਼ਵਿਟਜ਼ਰ | 21-22 |
| ਸੈਣੀ ਸਖ਼ਸ਼ੀਅਤ - ਡਾ. ਅਜੀਤ ਕੰਵਲ ਸਿੰਘ ਹਮਦਰਦ | 23 |
| ਸੈਣੀ ਸੁਤੰਤਰਤਾ ਸੰਗਰਾਮੀ - ਗਿਆਨੀ ਰਤਨ ਸਿੰਘ ਸਹੌੜਾਂ | 24-25 |
| ਮਾਂ - ਠੰਢੀ ਛਾਂ | 26-27 |
| ਬਾਲ ਕਹਾਣੀ - ਮੈਨੂੰ ਚੰਦ ਚਾਹੀਦੈ | 28 |
| New Members of Saini Sansar & Saini Bhawan | 29 |
| ਸੈਣੀ ਸਮਾਜ ਦੇ ਹੀਰੇ - ਸ. ਤਰਲੋਚਨ ਸਿੰਘ ਸੈਣੀ | 30 |
| ਅਗਾਂਹਵਧੂ ਕਿਸਾਨ - ਸ. ਨਰਿੰਦਰ ਸਿੰਘ (ਸੈਣੀ) | 31 |
| ਸਰੀਰਕ ਤੰਦਰੁਸਤੀ ਲਈ ਆਯੁਰਵੈਦਿਕ ਨੁਸਖੇ | 32 |
| Smoking Hills & Burning Mountains | 33 |
| ਮੁਰੱਬਿਆਂ ਦੇ ਮਾਲਕ - ਹਜ਼ਰਤ ਬਾਬਾ ਨਾਨਕ | 34-35 |
| ਕਹਾਣੀ - ਰੱਬ ਇੱਕ ਧੀ ਦੇ ਦਿੰਦਾ | 36 |
| ਗੀਤ | 37 |
| Health, Hygiene and Sanitation of Adolescents | 38-39 |
| ਹੱਸਣ ਦੀ ਆਦਤ ਪਾ ਸੱਜਣਾ, ਗ਼ਜ਼ਲ | 40-41 |
| ਔਝੜੇ ਪਈ ਜਵਾਨੀ | 42 |
| ਗੁੱਸੇ ਦੀ ਊਰਜਾ | 43 |
| ਸੁਨਹੇ ਸੱਜਣਾਂ ਦੇ, Poem - Celebration | 44 |
| Matrimonials | 45-48 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਨਾਸਤਿਕਤਾ ਵਿੱਚ ਰੂਹਾਨੀਅਤ

ਅਜਮੇਰ ਸਿੰਘ (ਡਾ.)
ਰੂਪਨਗਰ



ਅਖਬਾਰਾਂ ਵਿੱਚ ਆਪਣੇ ਦੇਸ਼ ਦੀ ਕਾਰੋਬਾਰੀ ਮਹਾਨਗਰੀ ਮੁੰਬਈ ਵਿੱਚ ਹੋਣ ਵਾਲੀ ਕਿਸਾਨਾਂ ਤੇ ਮਜ਼ਦੂਰਾਂ ਦੇ ਮਹਾਂ-ਮਾਰਚ ਦੀ ਖਬਰ ਛਪੀ ਤਾਂ ਹਰ ਚੇਤੰਨ ਵਿਅਕਤੀ ਦੇ ਦਿਮਾਗ ਵਿੱਚ ਆਇਆ ਕਿ ਇਹ ਸਫਲ ਨਹੀਂ ਹੋ ਸਕੇਗੀ। ਸੰਵੇਦਨਹੀਨਤਾ ਲਈ ਜਾਣੇ ਜਾਂਦੇ ਫਿਲਮੀ ਸਿਤਾਰਿਆਂ, ਧਨਾਢਾਂ ਅਤੇ ਡੌਨਾਂ ਦੇ ਇਸ ਸ਼ਹਿਰ ਵਿੱਚ ਭਲਾ ਇਨ੍ਹਾਂ ਅਨਾੜੀਆਂ, ਅਨਪੜ੍ਹਾਂ ਅਤੇ ਗੰਵਾਰਾਂ ਨੂੰ ਕੌਣ ਵੜਨ ਦੇਵੇਗਾ? ਜਦੋਂ ਇਹ ਸ਼ੁਰੂ ਹੋਈ ਤਾਂ ਇਹ ਖਦਸ਼ਾ ਉਸ ਸਮੇਂ ਹੋਰ ਪੱਕਾ ਹੋ ਗਿਆ ਜਦੋਂ ਇਸ ਨੂੰ ਲਾਲ ਝੰਡਿਆਂ ਨਾਲ ਸੁਰਖ ਹੋਈ ਵੇਖਿਆ। ਇਸ ਦਾ ਮਤਲਬ ਇਹ ਸੀ ਕਿ ਇਸ ਦੀ ਅਗਵਾਈ ਕਮਿਊਨਿਸਟ ਜਾਂ ਮਾਓਵਾਦੀ ਕਰ ਰਹੇ ਹਨ। ਇਹ ਤਾਂ ਨਾਸਤਿਕ ਹੁੰਦੇ ਹਨ ਜੋ ਕੇਵਲ ਆਪਣਾ ਹੱਕ ਮੰਗਣਾ ਜਾਣਦੇ ਹਨ। ਇਸ ਦੀ ਪ੍ਰਾਪਤੀ ਲਈ ਭਾਵੇਂ ਅਹਿੰਸਾ ਦਾ ਸਹਾਰਾ ਲੈਣਾ ਪਵੇ ਜਾਂ ਅਰਾਜਕਤਾ ਦਾ। ਇਹ ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੁੰਦੇ ਹਨ। ਇਸ ਲਈ ਰੂਹਾਨੀਅਤ ਇਨ੍ਹਾਂ ਦੇ ਨੇੜੇ ਵੀ ਨਹੀਂ ਢੁਕਦੀ। ਇਹ ਲੋਕ ਕਿਸੇ ਪ੍ਰਕਾਰ ਦੀ ਹਮਦਰਦੀ ਦੇ ਹੱਕਦਾਰ ਨਹੀਂ ਹੁੰਦੇ। ਇਹ ਲੱਗਭੱਗ ਨਿਸ਼ਚਿਤ ਹੀ ਸੀ ਕਿ ਪੁਲਿਸ ਇਨ੍ਹਾਂ 'ਤੇ ਡੰਡਾ ਵਰ੍ਹਾਏਗੀ, ਕਿਸਾਨ ਜਖਮੀ ਹੋਣਗੇ, ਇਨ੍ਹਾਂ ਵਿਚਲੇ ਨੌਜਵਾਨ ਪੱਥਰ ਇੱਟਾਂ ਚਲਾਉਣਗੇ, ਪੁਲਿਸ ਗੋਲ਼ੀ ਚਲਾਏਗੀ, ਕੁੱਝ ਮਰਨਗੇ ਅਤੇ ਅੰਤ ਮਹਾਂਮਾਰਚ ਦੇ ਲੀਡਰ ਫੜ ਲਏ ਜਾਣਗੇ। ਅਖਬਾਰਾਂ ਵਿੱਚ ਖਬਰਾਂ ਆਉਣਗੀਆਂ ਕਿ ਅੱਤਵਾਦੀਆਂ ਨੇ ਦੇਸ਼ ਵਿੱਚ ਗੜਬੜ ਫੈਲਾਉਣ ਦੀ ਸਾਜ਼ਿਸ਼ ਰਚੀ ਸੀ ਜਿਸ ਨੂੰ ਸਰਕਾਰ ਨੇ ਸਮੇਂ ਸਿਰ ਕਾਰਵਾਈ ਕਰਕੇ ਅਸਫਲ ਬਣਾ ਦਿੱਤਾ। ਫੜੇ ਗਏ ਲੀਡਰਾਂ 'ਤੇ ਦੇਸ਼-ਧਰੋਹੀ ਦੇ ਕੇਸ ਚੱਲਣਗੇ। ਹਰ ਰਾਜਨੀਤਿਕ ਪਾਰਟੀ ਆਪਣੇ ਆਪਣੇ ਢੰਗ ਨਾਲ ਇਸ ਤੋਂ ਲਾਹਾ ਲੈਣ ਦੀ ਕੋਸ਼ਿਸ਼ ਕਰੇਗੀ।

ਪਰ ਮਹਾਂਮਾਰਚ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਅਜਿਹਾ ਕੁੱਝ ਵੀ ਨਹੀਂ ਵਾਪਰਿਆ। ਅਖਬਾਰਾਂ ਵਿੱਚ ਖਬਰਾਂ ਆਈਆਂ ਕਿ ਮਹਾਰਾਸ਼ਟਰ ਸਰਕਾਰ ਨੇ ਕਿਸਾਨਾਂ, ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ। ਕਹਿੰਦੇ ਹਨ ਕਿ ਇਸ ਮਾਰਚ ਵਿੱਚ ਚਾਲੀ-ਪੰਜਾਹ ਹਜ਼ਾਰ ਕਿਸਾਨਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਨੰਗੇ ਪੈਰੀਂ 180 ਕਿਲੋਮੀਟਰ ਦਾ ਸਫਰ ਪੈਦਲ ਕੀਤਾ। ਇਸ ਨਾਲ ਇਨ੍ਹਾਂ ਦੇ ਪੈਰ ਛਾਲਿਆਂ ਨਾਲ ਭਰ ਗਏ ਅਤੇ ਜ਼ਖਮਾਂ ਨਾਲ ਲਹੂ-ਲੁਹਾਨ ਹੋ ਗਏ ਸਨ। ਇਨ੍ਹਾਂ ਵਿੱਚ ਬਹੁਗਿਣਤੀ ਕਬਾਇਲੀ ਇਲਾਕਿਆਂ ਦੇ ਬੇਜ਼ਮੀਨੇ ਕਿਸਾਨਾਂ ਦੀ ਸੀ ਜੋ ਕਈ ਦਹਾਕਿਆਂ ਤੋਂ ਜੰਗਲੀ ਜ਼ਮੀਨ 'ਤੇ ਖੇਤੀ ਕਰਦੇ ਆ ਰਹੇ ਸਨ ਪਰ ਉਨ੍ਹਾਂ ਨੂੰ ਇਸ ਦੇ ਮਾਲਕੀ ਹੱਕ ਨਹੀਂ ਮਿਲੇ ਸਨ। ਇਹ ਕਬਾਇਲੀ ਮਿਹਨਤਕਸ਼ ਲੋਕ ਰਵਾਇਤੀ ਸਾਜ਼ ਵਜਾਉਂਦੇ, ਲੋਕ-ਗੀਤ ਗਾਉਂਦੇ, ਸੱਭਿਆਚਾਰਕ ਨਾਟਕ ਕਰਦੇ, ਦਰਿਆਵਾਂ ਦਾ ਗੰਦਾ ਪਾਣੀ ਪੀਂਦੇ, ਅਤਿ ਦੀ ਗਰਮੀ ਝੱਲਦੇ, ਅੱਧ-ਭੁੱਖੇ ਅਤੇ ਪਾਣੀ ਮੁੱਕ ਜਾਣ ਦੀ ਬਿਮਾਰੀ ਨਾਲ ਜੂਝਦੇ ਸ਼ਾਇਦ ਪਹਿਲੀ ਵੇਰ ਆਪਣੇ ਰਾਜ ਦੀ ਰਾਜਧਾਨੀ ਮੁੰਬਈ ਪੁੱਜੇ। ਸਰਕਾਰ ਨੂੰ ਚਿੰਤਾ ਹੋਈ ਕਿ ਇਹ ਗਵਾਰ ਲੋਕ ਟ੍ਰੈਫਿਕ ਜਾਮ ਕਰ ਦੇਣਗੇ ਜਿਸ ਨਾਲ ਸਾਲਾਨਾ ਪ੍ਰੀਖਿਆਵਾਂ ਲਈ ਜਾਣ ਵਾਲੇ ਵਿਦਿਆਰਥੀਆਂ ਨੂੰ ਔਖ ਹੋ ਜਾਵੇਗੀ। ਇਸ ਲਈ ਸਰਕਾਰ ਨੇ ਇਨ੍ਹਾਂ ਨੂੰ ਬੱਸਾਂ ਰਾਹੀਂ ਰੈਲੀ ਵਾਲੇ ਸਥਾਨ, ਆਜ਼ਾਦ ਮੈਦਾਨ ਵਿੱਚ ਪਹੁੰਚਾਉਣ ਦਾ ਇੰਤਜ਼ਾਮ ਕੀਤਾ ਪਰ ਇਨ੍ਹਾਂ ਨੇ ਇਹ ਸਹੂਲਤ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਦਿਆਂ ਤੜਕ ਸਾਰ ਹੀ ਪੈਦਲ ਚੱਲ ਪਏ ਅਤੇ ਸੜਕਾਂ 'ਤੇ ਭੀੜ ਵਧਣ ਤੋਂ ਪਹਿਲਾਂ ਹੀ ਨਿਸ਼ਚਿਤ ਜਗਾਹ ਪਹੁੰਚ ਗਏ। ਇਸ ਲਈ ਕੋਈ ਸੜਕ ਜਾਮ ਨਹੀਂ ਹੋਈ।

ਲੋਕਾਈ ਦੇ ਦੁੱਖਾਂ ਦਰਦਾਂ ਪ੍ਰਤਿ ਸੰਵੇਦਨਸ਼ੀਲਤਾ ਤਾਂ ਰੂਹਾਨੀਅਤ ਦੀ ਆਤਮਾ ਹੈ। ਇਹ ਰੂਹਾਨੀ ਗੁਣ ਨਾਸਤਿਕ ਲੋਕਾਂ ਵਿੱਚ ਕਿੱਥੋਂ ਆ ਗਏ? ਇਹ ਵਰਤਾਰਾ ਮੁੰਬਈਵਾਸੀਆਂ ਨੇ ਸ਼ਾਇਦ ਪਹਿਲੀ ਵੇਰ ਵੇਖਿਆ ਹੋਵੇ। ਕਿਸਾਨਾਂ-ਮਜ਼ਦੂਰਾਂ ਦੇ ਇਸ ਮਾਨਵਤਾਪੱਖੀ ਵਿਵਹਾਰ ਨੇ ਮੁੰਬਈਵਾਸੀਆਂ ਦੇ ਦਿਲ ਜਿੱਤ ਲਏ। ਉਨ੍ਹਾਂ ਨੇ ਖੁਲ੍ਹੇ ਦਿਲ ਨਾਲ ਕਿਸਾਨਾਂ ਨੂੰ ਆਪਣੇ ਸ਼ਹਿਰ ਵਿੱਚ 'ਜੀ ਆਇਆਂ' ਕਿਹਾ। ਉਨ੍ਹਾਂ ਨੂੰ ਇਹ ਭੁੱਖੇ-ਪਿਆਸੇ ਤੇ ਨੰਗ-ਧੜੰਗੇ ਨਾਸਤਿਕ ਲੋਕ ਰੂਹਾਨੀ ਪੁਰਖ ਜਾਪਣ ਲੱਗੇ। ਇਨ੍ਹਾਂ ਪ੍ਰਤਿ ਹਮਦਰਦੀ ਅਤੇ ਸ਼ਰਧਾ ਡੁਲ੍ਹ ਡੁਲ੍ਹ ਪੈਣ ਲੱਗੀ। ਵੇਖਣਵਾਲਿਆਂ ਦਾ ਕਹਿਣਾ ਹੈ ਕਿ ਦੁਨੀਆਂ ਵਿੱਚ ਪ੍ਰਸਿੱਧ ਮੂੰਬਈ ਦੀ ਡੱਬਿਆਂ ਵਾਲਿਆਂ ਦੀ ਐਸੋਸੀਏਸ਼ਨ ਨੇ ਕਿਸਾਨਾਂ ਨੂੰ ਡੱਬਿਆਂ ਵਾਲਾ ਖਾਣਾ ਖੁਆਇਆ, ਪੀੜਤਾਂ ਦੀ ਸੇਵਾ ਕਰਨ ਲਈ ਵਿਸ਼ਵ ਦੇ ਕਿਸੇ ਵੀ ਥਾਂ ਪਹੁੰਚਣ ਵਾਲੀ ਸੰਸਥਾ, 'ਖਾਲਸਾ ਏਡਜ਼' ਨੇ ਚਾਹ ਤੇ ਖਾਣੇ ਦੇ ਲੰਗਰ ਲਾ ਦਿੱਤੇ। ਆਮ ਤੌਰ 'ਤੇ ਸੰਵੇਦਨਹੀਨ ਸਮਝੇ ਜਾਂਦੇ ਮੁੰਬਈਵਾਸੀਆਂ ਨੇ ਆਜ਼ਾਦ ਮੈਦਾਨ ਵਿੱਚ ਪੁੱਜ ਕੇ ਲੋਕਾਂ ਦੇ ਪੈਰਾਂ ਲਈ ਜੁੱਤੀਆਂ ਵੰਡੀਆਂ, ਡਾਕਟਰਾਂ ਤੇ ਨਰਸਾਂ ਨੇ ਜ਼ਖਮੀਆਂ ਦੇ ਪੱਟੀਆਂ ਕੀਤੀਆਂ ਤੇ ਬਿਮਾਰਾਂ ਦਾ ਇਲਾਜ ਕੀਤਾ। ਇਹ ਮੁਜ਼ਾਹਰਾਕਾਰੀਆਂ ਦੀ ਲੋਕਾਂ ਦੀਆਂ ਮੁਸ਼ਕਲਾਂ ਪ੍ਰਤਿ ਸੰਵੇਦਨਸ਼ੀਲਤਾ ਅਤੇ ਲੋਕਾਂ ਦੀ ਉਨ੍ਹਾਂ ਪ੍ਰਤਿ ਹਮਦਰਦੀ ਹੀ ਸੀ ਜਿਸ ਨੇ ਮਾਓਵਾਦੀ ਵਿਚਾਰਧਾਰਾ ਦੀ ਕੱਟੜ ਵਿਰੋਧੀ ਪਾਰਟੀ ਦੀ ਸਰਕਾਰ ਨੂੰ ਇਨ੍ਹਾਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਮੰਨਣ ਲਈ ਮਜ਼ਬੂਰ ਕਰ ਦਿੱਤਾ।

ਆਓ ਜ਼ਰਾ ਪੰਜਾਬ ਵਿੱਚ ਹੋਣ ਵਾਲੇ ਅਜਿਹੇ ਹੀ ਮਾਰਚਾਂ ਵੱਲ ਧਿਆਨ ਮਾਰੀਏ। ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ਭਾਵੇਂ ਜਾਇਜ਼ ਹੋਣ ਜਾਂ ਨਾਜਾਇਜ਼ ਹਰ ਇਕ ਆਗੂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਰੈਲੀਆਂ, ਵਿਖਾਵਿਆਂ ਜਾਂ ਧਰਨਿਆਂ ਸਮੇਂ ਆਮ ਲੋਕਾਂ ਦੀ ਪ੍ਰੇਸ਼ਾਨੀ ਵਿੱਚ ਵੱਧ ਤੋਂ ਵੱਧ ਵਾਧਾ ਕੀਤਾ ਜਾਵੇ। ਉਨ੍ਹਾਂ ਦਾ ਵਿਚਾਰ ਹੈ ਕਿ ਇਸ ਨਾਲ ਅਖਬਾਰਾਂ ਵਿੱਚ ਵੱਧ ਚਰਚਾ ਹੋਵਗੀ ਜਿਸ ਨਾਲ ਮੁਜ਼ਾਹਰਾਕਾਰੀਆਂ ਦੇ ਲੀਡਰਾਂ ਦੀ ਮਸ਼ਹੂਰੀ ਹੋਵੇਗੀ ਅਤੇ ਸਰਕਾਰ ਦੀ ਬਦਨਾਮੀ ਹੋਵੇਗੀ। ਉਹ ਤਾਂ ਲੋਕਾਂ ਦੀ ਹਮਦਰਦੀ ਜਿੱਤਣਾ ਹੀ ਨਹੀਂ ਚਾਹੁੰਦੇ। ਇਹ ਹੀ ਕਾਰਨ ਹੈ ਕਿ ਅਜਿਹੇ ਸਮੇਂ ਪੀੜਤ ਲੋਕ ਇਨ੍ਹਾਂ ਨੂੰ ਬੁਰਾ ਭਲਾ ਕਹਿੰਦੇ ਹੀ ਸੁਣੀਂਦੇ ਹਨ। ਅਜੇ ਕੁੱਝ ਮਹੀਨੇ ਪਹਿਲਾਂ ਹੀ ਪੰਜਾਬ ਦੀ ਇੱਕ ਅਖੌਤੀ ਧਾਰਮਿਕ-ਰਾਜਨੀਤਿਕ ਪਾਰਟੀ ਨੇ ਆਪਣੇ ਵਰਕਰਾਂ ਨਾਲ ਹੋਏ ਧੱਕੇ ਵਿਰੁੱਧ ਧਰਨੇ ਮਾਰਦਿਆਂ ਰਾਜ ਅਤੇ ਕੌਮੀ ਮਾਰਗਾਂ 'ਤੇ ਟ੍ਰੈਫਿਕ ਬੰਦ ਕਰ ਦਿੱਤੀ ਤਾਂ ਕਿੰਨੇ ਹੀ ਨੌਜਵਾਨ ਪ੍ਰੀਖਿਆਵਾਂ ਵਿੱਚ ਬੈਠਣ ਅਤੇ ਨੌਕਰੀਆਂ ਤੇ ਦਾਖਲਿਆਂ ਲਈ ਇੰਟਰਵਿਊ ਦੇਣ ਲਈ ਸਮੇਂ ਸਿਰ ਪਹੁੰਚਣ ਤੋਂ ਖੁੰਝ ਗਏ। ਹੋਰ ਤਾਂ ਹੋਰ ਧਾਰਮਿਕ ਜਥੇਬੰਦੀਆਂ ਵਲੋਂ ਕੱਢੇ ਜਾਂਦੇ ਜਲੂਸਾਂ ਅਤੇ ਨਗਰ ਕੀਰਤਨਾਂ ਸਮੇਂ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਲੋਕਾਂ ਨੂੰ ਦੁੱਖ ਪਹੁੰਚਾ ਕੇ ਅਸੀਂ ਕਿਹੋ ਜਿਹੀ ਰੂਹਾਨੀਅਤ ਦਾ ਪ੍ਰਚਾਰ ਕਰ ਰਹੇ ਹਾਂ? ਇਹ ਸੋਚਣ ਦਾ ਸਮਾਂ ਹੈ ਕਿ ਧਰਮ ਦੇ ਅਖੌਤੀ ਠੇਕੇਦਾਰ ਰੂਹਾਨੀਅਤ ਦਾ ਪ੍ਰਚਾਰ ਕਰ ਰਹੇ ਹਨ ਜਾਂ ਕਿ ਉਹ ਸਿੱਧੇ ਸਾਧੇ ਮਿਹਨਤਕਸ਼ ਲੋਕ ਜਿਨ੍ਹਾਂ ਨੂੰ ਅਸੀਂ ਨਾਸਤਿਕ ਕਹਿ ਕੇ ਭੰਡਦੇ ਹਾਂ।

* * * * *

## ਨਿੱਘੀ ਯਾਦ

ਮਹਾਂਦਾਨੀ ਸ਼੍ਰੀ ਲੇਖ ਰਾਜ ਮੁੰਦਰਾ, ਰਿਟਾ. ਸਹਾਇਕ ਕਮਿਸ਼ਨਰ ਦਿੱਲੀ ਪੁਲਿਸ ਅਤੇ ਮੋਢੀ ਸੰਸਥਾਪਕ ਸੈਣੀ ਬਵਨ ਰੂਪਨਗਰ ਆਪਣੀ ਜੀਵਨ-ਯਾਤਰਾ ਪੂਰੇ ਸਵੈਮਾਨ ਤੇ ਸ਼ਾਨ ਨਾਲ ਸੰਪੂਰਨ ਕਰਕੇ 5 ਜੂਨ, 2017 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਉਨ੍ਹਾਂ ਦੀ ਪਹਿਲੀ ਬਰਸੀ 'ਤੇ ਸੈਣੀ ਭਵਨ ਰੂਪਨਗਰ ਦੇ ਸਮੂਹ ਪ੍ਰਬੰਧਕ ਭਰੇ ਦਿਲ ਨਾਲ ਹੰਝੂਆਂ ਭਰੀ ਸ਼ਰਧਾਂਜਲੀ ਅਰਪਿਤ ਕਰਦੇ ਹਨ। ਮੁੰਦਰਾ ਜੀ ਸੱਚੇ ਅਰਥਾਂ ਵਿੱਚ ਬ੍ਰਹਮਗਿਆਨੀ ਸਨ ਜਿਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ-



"ਬ੍ਰਹਮ ਗਿਆਨੀ ਬੰਧਨ ਤੇ ਮੁਕਤਾ।।
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ।।"

## ਅਨੂਠੇ ਵਿਗਿਆਨੀ ਸਟੀਫਨ ਹਾਕਿੰਗ ਦੀ ਵਿਦਾਇਗੀ

ਸੰਸਾਰ ਵਿੱਚ ਬਹੁਗਿਣਤੀ ਲੋਕ ਗੱਲਾਂ ਨਾਲ ਹੀ ਆਪਣੇ ਆਪ ਨੂੰ ਸਿਆਣਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਿਰਲੇ ਹੀ ਹਨ ਜੋ ਆਪਣੇ ਕੰਮਾਂ ਨਾਲ ਇਸ ਪਦਵੀ ਨੂੰ ਹਾਸਲ ਕਰਦੇ ਹਨ। ਇੰਗਲੈਂਡ ਦਾ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਵੀ ਅਜਿਹਾ ਹੀ ਕਰਮਯੋਗੀ ਸੀ ਜਿਸ ਨੇ ਅਤਿ ਦੀ ਭਿਆਨਕ ਬਿਮਾਰੀ ਅੱਗੇ ਗੋਡੇ ਨਹੀਂ ਟੇਕੇ ਜਿਸ ਨੇ 21 ਸਾਲ ਦੀ ਉਮਰ ਵਿੱਚ ਹੀ ਉਸ ਦੇ ਪੂਰੇ ਸਰੀਰ ਨੂੰ ਲਕਵਾ ਕਰ ਦਿੱਤਾ ਸੀ। ਹਾਕਿੰਗ ਨੇ ਪੂਰੇ 55 ਸਾਲ ਵੀਲ੍ਹ ਚੇਅਰ 'ਤੇ ਬੈਠ ਕੇ ਬ੍ਰਹਿਮੰਡ ਦੇ ਭੇਦਾਂ ਦੀਆਂ ਗੰਢਾਂ ਖੋਲ੍ਹੀਆਂ ਜਦੋਂ ਕਿ ਦਿਮਾਗ ਤੋਂ ਇਲਾਵਾ ਉਸ ਦੇ ਸਾਰੇ ਅੰਗ ਜਬਾਵ ਦੇ ਗਏ ਸਨ ਅਤੇ ਉਹ ਕੇਵਲ ਅੱਖਾਂ ਦੇ ਇਸ਼ਾਰਿਆਂ ਨਾਲ ਹੀ ਗੱਲਾਂ ਕਰਦਾ ਸੀ।



ਸਟੀਫਨ ਹਾਕਿੰਗ ਦਾ ਜਨਮ 8 ਜਨਵਰੀ 1942 ਨੂੰ ਇੰਗਲੈਂਡ ਦੇ ਸ਼ਹਿਰ ਆਕਸਫੋਰਡ ਵਿਖੇ ਹੋਇਆ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਕਾਲਜ ਦੀਆਂ ਬਹੁਤ ਘੱਟ ਕਲਾਸਾਂ ਲਗਾਂਦਾ ਸੀ ਅਤੇ ਦਿਨ ਵਿੱਚ ਸਿਰਫ ਇੱਕ ਘੰਟਾ ਪੜ੍ਹਦਾ ਸੀ ਇਸ ਦੇ ਬਾਵਜੂਦ ਉਹ ਹੁਸ਼ਿਆਰ ਵਿਦਿਆਰਥੀ ਗਿਣਿਆਂ ਜਾਂਦਾ ਸੀ। ਉਹ ਕੈਂਬਰਿਜ ਯੂਨੀਵਰਸਿਟੀ ਵਿੱਚ ਗਣਿਤ ਦੇ ਪ੍ਰੋਫੈਸਰ ਅਤੇ ਹਾਕਿੰਗ ਯੂਨੀਵਰਸਿਟੀ ਵਿੱਚ ਰਿਸਰਚ ਵਿਭਾਗ ਦੇ ਡਾਇਰੈਕਟਰ ਰਹੇ। ਇਸ ਦੌਰਾਨ ਉਨ੍ਹਾਂ ਨੇ ਬ੍ਰਹਿਮੰਡ ਦੇ ਬਲੈਕ ਹੋਲ, ਬਿੱਗ ਬੈਂਗ ਸਿਧਾਂਤ, ਪ੍ਰਕਾਸ਼ ਸ਼ੰਕੂ ਆਦਿ ਦੀਆਂ ਬਹੁਮੁੱਲੀਆਂ ਖੋਜਾਂ ਕੀਤੀਆਂ। ਉਨ੍ਹਾਂ ਦੀ ਲਿਖੀ ਖੋਜ ਪੁਸਤਕ, 'ਏ ਬ੍ਰੀਫ ਹਿਸਟਰੀ ਆਫ ਟਾਇਮ' ਨੇ ਸਾਰੀ ਦੁਨੀਆਂ ਵਿੱਚ ਤਰਥੱਲੀ ਮਚਾ ਦਿੱਤੀ ਜਿਸ ਦੀਆਂ ਹੁਣ ਤੱਕ ਇੱਕ ਕਰੋੜ ਕਾਪੀਆਂ ਵਿਕ ਚੁੱਕੀਆਂ ਹਨ। ਸੰਨ 2014 ਵਿੱਚ ਉਨ੍ਹਾਂ ਦੀ ਜ਼ਿੰਦਗੀ 'ਤੇ ਆਧਾਰਿਤ ਫਿਲਮ, 'ਦ ਥਿਊਰੀ ਆਫ ਐਵਰੀਥਿੰਗ' ਬਣੀ ਸੀ। ਸਟੀਫਨ ਅਨੇਕ ਵਿਗਿਆਨਕ ਪੁਰਸਕਾਰਾਂ ਨਾਲ ਸਨਮਾਨਿਤ ਹੋਇਆ। ਉਹ ਮਨੁੱਖੀ ਜੀਵਨ ਵਿੱਚ ਵਿਗਿਆਨ ਦੇ ਸਿਧਾਂਤਾਂ ਦੇ ਮਹੱਤਵ ਅਤੇ ਇਨ੍ਹਾਂ ਦੀ ਸਦਵਰਤੋਂ ਬਾਰੇ ਸਮੁੱਚੀ ਮਾਨਵਤਾ ਨੂੰ ਜਾਗਰੂਕ ਕਰਨਾ ਚਾਹੁੰਦਾ ਸੀ ਪਰ 14 ਮਾਰਚ 2018 ਨੂੰ ਉਹ ਅਜਿਹੇ ਥਾਂ ਚਲੇ ਗਿਆ ਜਿਸ ਬਾਰੇ ਉਸ ਨੂੰ ਖੁਦ ਪਤਾ ਨਹੀਂ ਸੀ। ਮਨੁੱਖ ਜਾਤੀ ਅਜਿਹੇ ਕ੍ਰਿਸ਼ਮਈ ਵਿਅਕਤੀ ਨੂੰ ਹਮੇਸ਼ਾਂ ਯਾਦ ਕਰਦੀ ਰਹੇਗੀ। ਇਸ ਵਿਗਿਆਨੀ ਨੂੰ ਸਤਿਕਾਰਭਰੀ ਅਲਵਿਦਾ।

ਤਿਮਾਹੀ ਜਨਵਰੀ-ਮਾਰਚ 2018 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ

**ਨਵੇਂ ਸਾਲ ਨੂੰ ਸਮਰਪਿਤ 9ਵਾਂ ਖ਼ੂਨਦਾਨ ਕੈਂਪ:-**

ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ 7 ਜਨਵਰੀ ਨੂੰ ਸੈਣੀ ਭਵਨ ਵਿਖੇ ਨਵੇਂ ਸਾਲ 2018 ਨੂੰ ਸਮਰਪਿਤ ਮਾਨਵਤਾ ਦੀ ਸੇਵਾ ਦੇ ਕਾਰਜ ਤਹਿਤ 9ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 70 ਵਿਅਕਤੀਆਂ ਵਲੋਂ ਖ਼ੂਨਦਾਨ ਕੀਤਾ ਗਿਆ। ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਰੂਪਨਗਰ, ਇਨਰਵੀਲ੍ਹ ਕਲੱਬ ਰੂਪਨਗਰ ਅਤੇ ਯੈਸ ਬੈਂਕ ਰੂਪਨਗਰ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਡੀ.ਐਸ.ਪੀ.(ਐਚ) ਮਨਬੀਰ ਸਿੰਘ ਬਾਜਵਾ ਨੇ ਕੀਤਾ। ਇਸ ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੇ ਡਾਇਰੈਕਟਰ ਡਾ. ਮੁਨੀਸ਼ ਦੀ ਅਗਵਾਈ 'ਚ ਟੀਮ ਨੇ ਖ਼ੂਨ ਇਕੱਤਰ ਕੀਤਾ। ਇਸ ਮੌਕੇ 'ਤੇ ਬੋਲਦਿਆਂ ਮੁੱਖ ਮਹਿਮਾਨ ਨੇ ਕਿਹਾ ਕਿ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਅਤੇ ਖ਼ੂਨਦਾਨੀ ਮਾਨਵਤਾ ਦੇ ਭਲੇ ਲਈ ਮਹਾਨ ਕਾਰਜ ਕਰ ਰਹੀਆਂ ਹਨ। ਖ਼ੂਨਦਾਨ ਤੋਂ ਉਤਮ ਕੋਈ ਦਾਨ ਨਹੀ। ਸੋ ਲੋੜਵੰਦਾ ਦੀ ਮਦਦ ਕਰਨ ਲਈ ਸਭ ਨੂੰ ਇਸ ਕਾਰਜ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਅਤੇ ਇਸ ਦੇ ਸਹਿਯੋਗੀਆਂ ਅਤੇ ਖ਼ੂਨਦਨੀਆਂ ਨੂੰ ਇਹ ਨੇਕ ਕਾਰਜ ਕਰਨ ਲਈ ਵਧਾਈ ਦਿੱਤੀ।

ਸਮਾਗਮ ਦੌਰਾਨ ਡੀ.ਐਸ.ਪੀ. ਵਲੋਂ ਜ਼ਿਆਦਾ ਵਾਰ ਖ਼ੂਨਦਾਨ ਕਰਨ ਵਾਲਿਆਂ ਤੋਂ ਇਲਾਵਾ ਕੈਂਪ ਦੇ ਸਹਿਯੋਗੀਆਂ ਪ੍ਰਧਾਨ ਇਨਰਵ੍ਹੀਲ ਕਲੱਬ ਮੀਨੂੰ ਗਰੋਵਰ, ਯੈਸ ਬੈਂਕ ਦੇ ਮੈਨੇਜਰ ਆਸ਼ੂਤੋਸ਼ ਸੂਦ, ਪ੍ਰਧਾਨ ਲਾਈਫ ਲਾਈਨ ਬਲੱਡ ਡੋਨਰ ਸੁਸਾਇਟੀ ਕੰਵਲਜੀਤ ਸਿੰਘ ਬਾਬਾ, ਐਨ.ਆਰ.ਆਈ. ਸਤਵਿੰਦਰ ਸਿੰਘ ਤੇ ਬਲੱਡ ਡੋਨਰ ਦਲਜੀਤ ਸਿੰਘ ਦਾ ਵੀ ਸਨਮਾਨ ਕੀਤਾ ਗਿਆ। ਕੈਂਪ ਦੌਰਾਨ ਮਨਜੀਤ ਸਿੰਘ ਤੰਬੜ ਨੇ ਆਪਣੇ 50ਵੇਂ ਜਨਮ ਦਿਨ 'ਤੇ 15ਵੀਂ ਵਾਰ ਅਤੇ ਸੰਤ ਸਿੰਘ ਉਬਰਾਏ ਤੇ ਵਰਿੰਦਰ ਖਾਬੜਾ ਨੇ 54ਵੀਂ ਵਾਰ, ਅਭਿਨਾਸ ਸੋਨੀ ਨੇ 53ਵੀਂ ਵਾਰ, ਸੁਗਰੀਵ ਚੰਦ ਰੇਵਲੇ ਪੁਲਿਸ ਨੇ 40ਵੀਂ ਵਾਰ, ਅਰਜ਼ਨ ਸਿੰਘ ਪੰਜਾਬ ਪੁਲਿਸ ਤੇ ਹੂਸਨ ਲਾਲ ਨੇ 34ਵੀਂ ਵਾਰ, ਬਲਜਿੰਦਰ ਸਿੰਘ ਪੰਜਾਬ ਪੁਲਿਸ ਨੇ 29ਵੀਂ ਵਾਰ, ਅਰਵਿੰਦਰ ਸਿੰਘ ਨੇ 27ਵੀਂ ਵਾਰ, ਜਗਦੇਵ ਸਿੰਘ ਨੇ 25ਵੀਂ ਵਾਰ, ਹਰਦੀਪ ਸਿੰਘ ਥਲੀ ਖੁਰਦ ਪੰਜਾਬ ਪੁਲਿਸ ਤੇ ਧਰਮ ਪਾਲ ਪੰਜਾਬ ਪੁਲਿਸ ਨੇ 20ਵੀਂ ਵਾਰ ਖ਼ੂਨਦਾਨ ਕੀਤਾ। ਕੈਂਪ ਨੂੰ ਸਫਲ ਬਣਾਉਣ ਲਈ ਐਨ.ਆਰ.ਆਈ. ਸਤਵਿੰਦਰ ਸਿੰਘ ਅਤੇ ਤੇਜਿੰਦਰ ਕੌਰ ਵਲੋਂ ਕਰਮਵਾਰ 5000/- ਰੁਪਏ ਅਤੇ 2000/- ਰੁਪਏ ਦੀ ਮਾਲੀ ਮਦਦ ਦਿੱਤੀ ਗਈ।

ਕੈਂਪ ਵਿੱਚ ਆਏ ਮੁੱਖ ਮਹਿਮਾਨ, ਬਲੱਡ ਡੋਨਰ ਅਤੇ ਪਤਵੰਤੇ ਵਿਅਕਤੀਆਂ ਦਾ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੇ ਪੀ.ਆਰ.ਓ. ਰਾਜਿੰਦਰ ਸੈਣੀ ਨੇ ਸਵਾਗਤ ਤੇ ਧੰਨਵਾਦ ਕੀਤਾ। ਇਸ ਮੌਕੇ ਐਮ.ਸੀ. ਸ.ਕਰਨੈਲ ਸਿੰਘ ਤੰਬੜ ਤੋਂ ਇਲਾਵਾ ਸੈਣੀ ਭਵਨ ਦੇ ਟਰਸਟੀ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਹਾਜ਼ਰ ਸਨ।

**ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 28ਵਾਂ ਅੰਕ ਲੋਕਅਰਪਣ :-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ) ਵਲੋਂ ਪ੍ਰਕਾਸ਼ਿਤ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 28ਵਾਂ ਅੰਕ 7 ਜਨਵਰੀ 2018 ਨੂੰ ਸੈਣੀ ਭਵਨ ਵਿਖੇ ਇੱਕ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਇਹ ਰਸਮ ਰੂਰਲ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ (ਆਰ.ਆਈ.ਐਮ.ਟੀ.) ਸੇਖੂਪੁਰ (ਰੋਪੜ) ਦੇ ਡਾਇਰੈਕਟਰ ਰੁਪਿੰਦਰਜੀਤ ਸਿੰਘ ਲੱਖੇਵਾਲ ਨੇ ਅਦਾ ਕੀਤੀ। ਉਨ੍ਹਾਂ ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜ ਭਲਾਈ ਕਾਰਜ ਕਰਨ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਲਈ ਵਧਾਈ ਦਿੱਤੀ ਅਤੇ ਸੰਸਥਾ ਦੀ ਬੇਹਤਰੀ ਲਈ 11 ਹਜ਼ਾਰ ਰੁਪਏ ਦੀ ਮਦਦ ਦੇਣ ਦੀ ਘੋਸ਼ਣਾ ਕੀਤੀ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਮੁੱਖ ਮਹਿਮਾਨ ਦਾ ਸੁਆਗਤ ਕਰਦਿਆਂ ਦੱਸਿਆ ਕਿ ਇਸ ਮੈਗਜ਼ੀਨ ਰਾਹੀਂ ਸਮਾਜ ਦੇ ਲੋਕਾਂ ਨੂੰ ਉਸਾਰੂ ਸਾਹਿਤ ਨਾਲ ਜੋੜਣ ਦਾ ਉਪਰਾਲਾ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਚੰਗਾ ਸਾਹਿਤ ਪੜ੍ਹਨ ਦੀ ਆਦਤ ਪਾਉਣ ਦੀ ਪ੍ਰੇਰਣਾ ਕੀਤੀ। ਇਸ ਸਮਾਗਮ ਨੂੰ ਸੰਸਥਾ ਦੇ ਪੀ.ਆਰ.ਓ. ਰਾਜਿੰਦਰ ਸੈਣੀ, ਐਮ.ਸੀ. ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ।

**ਲੋਹੜੀ ਦਾ ਤਿਉਹਾਰ -**

ਸੈਣੀ ਭਵਨ ਵਿਖੇ ਕਰਵਾਏ ਜਾ ਰਹੇ ਵੱਖ ਵੱਖ ਕਿੱਤਾ ਮੁਖੀ ਕੋਰਸ ਕਰ ਰਹੀਆਂ ਲੜਕੀਆਂ ਨੇ 12 ਜਨਵਰੀ ਨੂੰ ਲੋਹੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਲੋਹੜੀ ਜਲਾਉਣ ਦੀ ਰਸਮ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਅਦਾ ਕੀਤੀ ਅਤੇ ਸਭ ਨੂੰ ਖ਼ੁਸ਼ੀਆਂ ਦੇ ਤਿਉਹਾਰ ਲੋਹੜੀ ਦੀ ਵਧਾਈ ਦਿੱਤੀ। ਇਸ ਮੌਕੇ ਲੜਕੀਆਂ ਨੇ ਨੱਚ ਟੱਪ ਕੇ ਆਪਣੀ ਖੁਸ਼ੀ ਦਾ ਖੁਲ੍ਹ ਕੇ ਇਜ਼ਹਾਰ ਕੀਤਾ।

ਸਭ ਨੇ ਰਲ ਮਿਲ ਬੈਠ ਕੇ ਮੂੰਗਫਲੀ ਤੇ ਰੇੜੀਆਂ ਦਾ ਆਨੰਦ ਮਾਣਿਆਂ। ਇਸ ਮੌਕੇ ਸੰਸਥਾ ਦੇ ਟਰੱਸਟੀ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਜ਼ ਬਲਬੀਰ ਸਿੰਘ ਸੈਣੀ, ਡਾ. ਜਸਵੰਤ ਕੌਰ, ਐਮ ਸੀ. ਗੁਰਮੁੱਖ ਸਿੰਘ ਸੈਣੀ, ਅਮਰਜੀਤ ਸਿੰਘ, ਗੁਮੁੱਖ ਸਿੰਘ ਲੌਂਗੀਆ, ਇੰਜ ਕਰਨੈਲ ਸਿੰਘ, ਰਾਜਿੰਦਰ ਸੈਣੀ, ਇੰਜ. ਹਰਜੀਤ ਸਿੰਘ ਸੈਣੀ, ਰਾਮ ਸਿੰਘ ਸੈਣੀ, ਬਲਬੀਰ ਸਿੰਘ ਪਾਬਲਾ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ, ਗੁਰਚਰਨ ਸਿੰਘ, ਅਜਮੇਰ ਸਿੰਘ ਧਮੜੈਤ, ਹਰਦੀਪ ਸਿੰਘ, ਟੀਚਰ ਰੇਖਾ ਕਪੂਰ, ਅੰਜੂ ਬਾਲਾ, ਕਿਰਨ ਅਤੇ ਕਿਰਨਜੀਤ ਆਦਿ ਹਾਜ਼ਰ ਸਨ।

**ਵਿਸ਼ਵ ਮਹਿਲਾ ਦਿਵਸ –**

ਵਿਸ਼ਵ ਮਹਿਲਾ ਦਿਵਸ ਦੇ ਮੌਕੇ 'ਤੇ 8 ਮਾਰਚ 2018 ਨੂੰ ਸੈਣੀ ਭਵਨ ਵਿਖੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਨਹਿਰੂ ਯੁਵਾ ਕੇਂਦਰ ਦੇ ਸਹਿਯੋਗ ਨਾਲ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਰੂਪਨਗਰ ਦੇ ਐਸ.ਡੀ.ਐਮ. ਹਰਜੋਤ ਕੌਰ ਨੇ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਨੇ ਕਿਹਾ ਕਿ ਮਹਿਲਾਵਾਂ ਨੂੰ ਆਪਣੀ ਤਾਕਤ ਨੂੰ ਪਹਿਚਾਣ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਚੰਗੀ ਵਿਦਿਆ ਅਤੇ ਹੁਨਰ ਪ੍ਰਾਪਤ ਕਰਕੇ ਆਪਣੇ ਆਪ ਨੂੰ ਆਰਥਿਕ ਪੱਖੋਂ ਮਜ਼ਬੂਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰਾਂ ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਹੋਣਾ ਜ਼ਰੂਰੀ ਹੈ ਉਸੇ ਤਰਾਂ ਸਮਾਜ ਵਿੱਚ ਅੱਗੇ ਵਧਣ ਲਈ ਔਰਤ ਅਤੇ ਮਰਦ ਦੋਹਾਂ ਦਾ ਆਪਸੀ ਸਹਿਯੋਗ ਵੀ ਅਤਿ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਹਰ ਇਨਸਾਨ ਦੀ ਸਫਲਤਾ ਪਿੱਛੇ ਉਸ ਦੀ ਔਰਤ ਦਾ ਹੱਥ ਹੁੰਦਾ ਹੈ ਲੇਕਿਨ ਔਰਤ ਦੀ ਸਫਲਤਾ ਪਿੱਛੇ ਵੀ ਉਸ ਦੇ ਪਤੀ ਦਾ ਬਹੁਤ ਵੱਡਾ ਸਹਿਯੋਗ ਹੁੰਦਾ ਹੈ। ਐਸ.ਡੀ.ਐਮ. ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜ ਸੇਵਾ ਦੇ ਵੱਖ ਵੱਖ ਖੇਤਰਾਂ ਵਿੱਚ ਪਾਏ ਜਾ ਰਹੇ ਯੋਗਦਾਨ ਅਤੇ ਖਾਸ ਕਰਕੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਤਕਨੀਕੀ ਸਿੱਖਿਆ ਤੇ ਉਚੇਰੀ ਪੜ੍ਹਾਈ ਲਈ ਮਦਦ ਕਰਨ ਦੇ ਉਪਰਾਲੇ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਇਸ ਸੰਸਥਾ ਨਾਲ ਵੱਖ ਵੱਖ ਵਿਭਾਗਾਂ ਤੋਂ ਸੇਵਾਮੁਕਤ ਸਖ਼ਸੀਅਤਾਂ ਜੁੜੀਆਂ ਹਨ ਜੋ ਲੋਕਾਂ ਨੂੰ ਆਪਣੀ ਜ਼ਿੰਦਗੀ ਦੇ ਤਜਰਬਿਆਂ ਦਾ ਲਾਭ ਦੇ ਰਹੇ ਹਨ।

ਇਸ ਮੌਕੇ ਮਹਿਲਾ ਸਸ਼ਕਤੀਕਰਨ ਨੂੰ ਮੁੱਖ ਰੱਖ ਕੇ ਨਹਿਰੂ ਯੁਵਾ ਕੇਂਦਰ ਦੇ ਕਲਾਕਾਰਾਂ ਨੇ ਅਰਵਿੰਦਰ ਰਾਜੂ ਵਲੋਂ ਤਿਆਰ ਕੀਤੇ ਗਏ ਨਾਟਕ ''ਮਾਂ'' ਦੇ ਸਫਲ ਮੰਚਨ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸੇ ਵਿਸ਼ੇ ਨੂੰ ਲੈ ਕੇ ਸੈਣੀ ਭਵਨ ਦੀਆਂ ਵਿਦਿਆਰਥਣਾਂ ਨੇ ਕੋਰੀਓਗਰਾਫੀ ਤੇ ਐਕਸ਼ਨ ਸਾਂਗ ਪੇਸ਼ ਕੀਤੇ ਅਤੇ ਸਾਹਿਤਕਾਰ ਪ੍ਰਨੀਤ ਕੌਰ, ਪ੍ਰਿੰ: ਯਤਿੰਦਰ ਮਾਹਲ, ਸੁਰਿੰਦਰ ਸੈਣੀ ਨੇ ਆਪਣੀ ਰਚਨਾਵਾਂ ਰਾਹੀ ਔਰਤਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਇਆ। ਸਮਾਗਮ ਦੇ ਅਰੰਭ ਵਿੱਚ ਸੈਣੀ ਭਵਨ ਦੇ ਟਰੱਸਟੀ ਡਾ. ਜਸਵੰਤ ਕੌਰ ਨੇ ਮੁੱਖ ਮਹਿਮਾਨ ਅਤੇ ਆਏ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸੈਣੀ ਭਵਨ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ। ਸਮਾਗਮ ਨੂੰ ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ, ਪੀ.ਆਰ.ਓ. ਰਾਜਿੰਦਰ ਸੈਣੀ ਤੇ ਯੁਵਕ ਵਲੰਟੀਅਰ ਜਸਪ੍ਰੀਤ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਨਹਿਰੂ ਯੁਵਾ ਕੇਂਦਰ ਦੇ ਯੂਥ ਕੁਆਰਡੀਨੇਟਰ ਸੁਰਿੰਦਰ ਸੈਣੀ, ਪ੍ਰੋ: ਪ੍ਰਤਿਭਾ ਸੈਣੀ, ਪ੍ਰੋ: ਸਰਬਜੀਤ ਕੌਰ, ਕਮਲੇਸ਼ ਸੈਣੀ, ਸੰਤੋਸ਼ ਸੈਣੀ, ਸੁਮਿਤਾ ਸੈਣੀ, ਤੇਜਿੰਦਰ ਕੌਰ ਸੈਣੀ, ਨਰਿੰਦਰ ਕੌਰ, ਅਮਰਜੀਤ ਕੌਰ, ਮਲਵਿੰਦਰ ਕੌਰ ਅਤੇ ਸੈਣੀ ਭਵਨ ਦੇ ਸਮੂਹ ਪ੍ਰਬੰਧਕੀ ਕਮੇਟੀ ਮੈਂਬਰ ਹਾਜ਼ਰ ਸਨ।

**''ਆਪਣਾ ਘਰ'' 'ਚ ਲੋਹੜੀ ਮਨਾਈ:–**

ਲੋਹੜੀ ਦੇ ਤਿਉਹਾਰ ਮੌਕੇ 13 ਜਨਵਰੀ 2018 ਨੂੰ ਸੈਣੀ ਭਵਨ ਦੇ ਮਹਾਂਦਾਨੀ ਸਵ: ਸ਼੍ਰੀ ਐਲ. ਆਰ. ਮੁੰਦਰਾ ਵਲੋਂ ਬਜ਼ੁਰਗਾਂ ਲਈ ਕਾਇਮ ਕੀਤੇ ਗਏ ''ਆਪਣਾ ਘਰ'' ਹਵੇਲੀ ਕਲਾਂ ਵਿਖੇ ਇੰਨਰਵੀਲ੍ਹ ਕਲਬ ਰੂਪਨਗਰ ਦੀਆਂ ਮੈਂਬਰਾਂ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨਾਲ ਮਿਲ ਕੇ ਬਜ਼ੁਰਗਾਂ ਨਾਲ ਲੋਹੜੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆ। ਇਸ ਸਮਾਗਮ ਦਾ ਆਰੰਭ ਇੰਨਰਵੀਲ ਕਲੱਬ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਸ਼੍ਰੀਮਤੀ ਬ੍ਰਿਜ ਪਰਮਾਰ ਨੇ ਲੋਹੜੀ ਜਲਾ ਕੇ ਕੀਤਾ। ਉਨ੍ਹਾਂ ਬਜ਼ੁਰਗਾਂ ਨੂੰ ਲੋਹੜੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਡੇ ਸਾਰੇ ਤਿਉਹਾਰ ਸਮਾਜਿਕ ਭਾਈਚਾਰਕ ਸਾਂਝ ਦੇ ਪ੍ਰਤੀਕ ਹਨ। ਕਲੱਬ ਦੇ ਮੈਂਬਰਾਂ ਨੂੰ ਬਜ਼ੁਰਗਾਂ ਨਾਲ ਮਿਲ ਕੇ ਲੋਹੜੀ ਮਨਾਉਣ 'ਤੇ ਵਿਸ਼ੇਸ਼ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਨੇ ਬਜੁਰਗਾਂ ਲਈ ਆਪਣਾ ਘਰ ਬਣਾ ਕੇ ਮਹਾਨ ਕਾਰਜ ਕੀਤਾ ਹੈ। ਕਲੱਬ ਵਲੋਂ ਇਸ ਮੌਕੇ ਲੋਹੜੀ ਵੰਡੀ ਗਈ ਅਤੇ ਆਪਣਾ ਘਰ ਦੇ ਆਂਗਣ 'ਚ ਇਕ ਸਜਾਵਟੀ ਪੌਦਾ ਵੀ ਲਗਾਇਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਸਭ ਨੂੰ ਲੋਹੜੀ ਦੇ ਤਿਉਹਾਰ ਦੀਆਂ ਵਧਾਈਆਂ ਦਿੰਦੇ ਹੋਏ ਆਪਣਾ ਘਰ ਨਾਲ ਤਨ ਮਨ ਧਨ ਨਾਲ ਜੁੱੜੇ ਹਰ ਵਰਗ ਦੇ ਲੋਕਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਵਲੋਂ ਬਜ਼ੁਰਗਾਂ ਦੇ ਘਰ ਨੂੰ ਚਲਾਉਣ ਲਈ ਦਿੱਤੇ ਜਾ ਰਹੇ ਸਹਿਯੋਗ ਦਾ ਧੰਨਵਾਦ ਕੀਤਾ। ਸਮਾਗਮ 'ਚ ਪਹੁੰਚਣ ਤੇ ਸਭ ਦਾ ਟਰੱਸਟੀ ਵਿਨੋਦ ਜੈਨ ਨੇ ਸਵਾਗਤ ਕੀਤਾ। ਇਸ ਮੌਕੇ ਇੰਨਰਵ੍ਹੀਲ ਕਲੱਬ ਦੀ ਪ੍ਰਧਾਨ ਮੀਨੂੰ ਗਰੋਵਰ, ਜਨਰਲ ਸਕੱਤਰ ਚੰਦਰਕਾਂਤਾ ਸੈਣੀ ਤੋਂ ਇਲਾਵਾ ਤੇਜਿੰਦਰ ਕੌਰ ਸੈਣੀ, ਤ੍ਰਿਪਤਾ ਚਾਨਣਾ, ਵਨੀਤਾ ਗੁਪਤਾ, ਆਸਮਾ, ਉਸ਼ਾ ਭੋਲਾ, ਨੀਲਮ ਵਿਜ, ਆਦਰਸ਼ ਸ਼ਰਮਾ,

ਕਿਰਨ ਤ੍ਰਿਪਾਠੀ, ਆਈ. ਆਈ. ਟੀ. ਦੇ ਪ੍ਰੋ:ਮੁਕੇਸ਼ ਸੈਣੀ, ਪ੍ਰੋ.ਨੀਰਜ, ਇੰਜ.ਹਰਜੀਤ ਸਿੰਘ ਸੈਣੀ,ਡਾ.ਜਸਵੰਤ ਕੌਰ, ਵਿਜੇ ਲਛਮੀ, ਯੋਗੀਤਾ ਸੈਣੀ, ਕੇ.ਐਲ. ਕਪੂਰ, ਅਸ਼ਵਨੀ ਸਹਿਗਲ, ਸੁਰਜੀਤ ਸਿੰਘ ਬਰਨਾਲ, ਸੰਗਤ ਸਿੰਘ, ਗੁਰਚਰਨ ਸਿੰਘ, ਇੰਜ.ਕਰਨੈਲ ਸਿੰਘ ਅਤੇ ਆਪਣਾ ਘਰ ਦੇ ਟਰਸਟੀ ਹਾਜ਼ਰ ਸਨ।

**ਸਿੱਖਿਆਰਥਣਾਂ ਦਾ ਪਟਿਆਲਾ ਟੂਰ:-**

ਸੈਣੀ ਭਵਨ ਵਿਖੇ ਸਿਲਾਈ-ਕਢਾਈ ਸਕੂਲ ਵਿੱਚ ਟ੍ਰੈਨਿੰਗ ਕਰ ਰਹੀਆਂ ਸਿੱਖਿਆਰਥਣਾਂ ਨੂੰ ਸੰਸਥਾ ਵੱਲੋਂ 23 ਜਨਵਰੀ 2018 ਨੂੰ ਸਿਲਾਈ ਟੀਚਰ ਕਿਰਨ ਜੋਸ਼ੀ ਦੀ ਅਗਵਾਈ 'ਚ ਇਤਿਹਾਸਕ ਸ਼ਹਿਰ ਪਟਿਆਲਾ ਦਾ ਟੂਰ ਕਰਵਾਇਆ ਗਿਆ। ਇਸ ਟੂਰ ਦੌਰਾਨ 19 ਸਿੱਖਿਆਰਥਣਾਂ ਨੇ ਪਟਿਆਲਾ ਵਿਖੇ ਰਮਨੀਕ ਸਥਾਨਾਂ ਤੋਂ ਇਲਾਵਾ ਗੁਰਦੁਆਰਾ ਦੁੱਖ ਨਿਵਾਰਨ, ਕਾਲੀ ਮਾਤਾ ਦਾ ਮੰਦਿਰ ਅਤੇ ਵਾਪਸੀ 'ਤੇ ਫਤਿਹਗੜ੍ਹ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਕੀਤੇ।

**ਹੋਰ ਸੈਣੀ ਸਭਾਵਾਂ ਅਤੇ ਸਵੈਸੇਵੀ ਸੰਸਥਾਵਾਂ ਨਾਲ ਤਾਲਮੇਲ-**


ਸੈਣੀ ਭਵਨ ਦੇ ਪ੍ਰਬੰਧਕ ਹੋਰ ਕਈ ਸਭਾਵਾਂ ਦੇ ਮੈਂਬਰ ਹਨ। ਇਸ ਦੇ ਪ੍ਰਧਾਨ ਬਜ਼ੁਰਗਾਂ ਲਈ ਬਣੇ 'ਆਪਣਾ ਘਰ' ਦੇ ਸੀਨੀ. ਵਾਈਸ ਪ੍ਰਧਾਨ, ਸੀਨੀਅਰ ਸਿਟੀਜਨ ਕੌਂਸਲ ਦੇ ਸਲਾਹਕਾਰ, ਪੁਲਿਸ ਸਾਂਝ ਕੇਦਰ ਦੇ ਮੈਂਬਰ, ਜ਼ਿਲ੍ਹਾ ਲਿਖਾਰੀ ਸਭਾ ਦੇ ਮੈਂਬਰ, ਜ਼ਿਲ੍ਹਾ ਸਿੱਖਿਆ ਕਮੇਟੀ ਦੇ ਮੈਂਬਰ ਅਤੇ ਪਰਿਵਾਰ ਭਲਾਈ ਕਮੇਟੀ ਦੇ ਮੈਂਬਰ ਹਨ ਜਿਨ੍ਹਾਂ ਦੀਆਂ ਉਹ ਨਿਯਮਿਤ ਤੌਰ 'ਤੇ ਮੀਟਿੰਗਾਂ ਅਟੈਂਡ ਕਰਦੇ ਹਨ। ਜਨ. ਸਕੱਤਰ ਸ. ਬਲਬੀਰ ਸਿੰਘ ਸੈਣੀ ਆਪਣਾ ਘਰ ਦੇ ਵੀ ਜਨ. ਸਕੱਤਰ ਹਨ। ਪੀ.ਆਰ.ਓ. ਰਾਜਿੰਦਰ ਸੈਣੀ ਆਪਣਾ ਘਰ ਦੇ ਪ੍ਰਧਾਨ ਅਤੇ ਪੁਲਿਸ ਸਾਂਝ ਕੇਂਦਰ ਦੇ ਸਕੱਤਰ ਹਨ। ਉੱਪ ਪ੍ਰਧਾਨ ਇੰਜ. ਕਰਨੈਲ ਸਿੰਘ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਹਨ। ਟਰਸਟੀ ਡਾ. ਜਸਵੰਤ ਕੌਰ ਜ਼ਿਲ੍ਹਾ ਲਿਖਾਰੀ ਸਭਾ ਦੇ ਸੀਨੀ. ਵਾਈਸ ਪ੍ਰਧਾਨ ਹਨ। ਟਰੱਸਟੀ ਸ. ਅਮਰਜੀਤ ਸਿੰਘ ਤੇ ਐਡਵੋਕੇਟ ਰਵਿੰਦਰ ਸਿੰਘ ਆਪਣਾ ਘਰ ਦੇ ਅਹੁਦੇਦਾਰ ਹਨ। ਟਰਸਟੀ ਸ.ਗੁਰਮੁਖ ਸਿੰਘ ਸੈਣੀ ਐਮ.ਸੀ.ਹਨ।

ਸੈਣੀ ਭਵਨ ਦੇ ਟਰੱਸਟੀਆਂ ਸ. ਅਜਮੇਰ ਸਿੰਘ(ਪ੍ਰਧਾਨ), ਸ. ਬਲਬੀਰ ਸਿੰਘ ਸੈਣੀ(ਜਨਰਲ ਸਕੱਤਰ), ਸ. ਅਜੀਤ ਸਿੰਘ(ਕੈਸ਼ੀਅਰ) ਅਤੇ ਸ੍ਰੀ ਰਾਜਿੰਦਰ ਸੈਣੀ(ਪੀ.ਆਰ.ਓ.) ਨੇ ਅੰਬਾਲਾ ਸਰਕਲ ਸੈਣੀ ਸਭਾ ਵਲੋਂ ਅੰਬਾਲਾ ਸ਼ਹਿਰ ਵਿਖੇ 27 ਜਨਵਰੀ 2018 ਨੂੰ ਆਯੋਜਿਤ ਸਿਲਵਰ ਜੁਬਲੀ ਸਮਾਰੋਹ ਵਿੱਚ ਭਾਗ ਲਿਆ।

**ਖੁਸ਼ੀਆਂ ਦੀ ਸਾਂਝ-** ਸੈਣੀ ਭਵਨ ਦੀ ਨਿਯਮਿਤ ਮਾਸਿਕ ਮੀਟਿੰਗ ਸਮੇਂ ਜਿੱਥੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਦੀ ਰੂਪਰੇਖਾ ਤਿਆਰ ਕੀਤੀ ਜਾਂਦੀ ਹੈ ਉੱਥੇ ਉਸ ਮਹੀਨੇ ਵਿੱਚ ਆਉਂਦੇ ਮੈਂਬਰਾਂ ਦੇ ਜਨਮ ਦਿਨ ਵੀ ਮਨਾ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਲੰਘੀ ਤਿਮਾਹੀ ਵਿੱਚ ਸ੍ਰੀ ਤਰਸੇਮ ਸੈਣੀ, ਸ. ਟੇਕਪਾਲ ਸਿੰਘ, ਸ. ਬਲਬੀਰ ਸਿੰਘ ਸੈਣੀ, ਸ. ਅਜੀਤ ਸਿੰਘ ,ਸ. ਅਮਰਜੀਤ ਸਿੰਘ ਅਤੇ ਸ.ਸੁਰਿੰਦਰ ਸਿੰਘ ਦੇ ਜਨਮ ਦਿਨ ਮਨਾਏ ਗਏ।

* * * * *

## ਡਾਰਵਿਨ ਦੇ ਸਿਧਾਂਤ ਬਾਰੇ ਸਪਸ਼ਟੀਕਰਨ



ਜੀਵਨ ਦੇ ਵਿਕਾਸ ਸਬੰਧੀ ਵਿਗਿਆਨੀ ਡਾਰਵਿਨ ਦੇ ਸਿਧਾਂਤ ਦੀ ਅੱਜ ਕਲ੍ਹ ਭਾਰਤ ਵਿੱਚ ਪਰਸਪਰ ਵਿਰੋਧੀ ਚਰਚਾ ਹੈ। ਇੰਜ ਜਾਪਦਾ ਹੈ ਕਿ ਇਸ ਕੁਦਰਤੀ ਸਿਧਾਂਤ ਦੇ ਬਹੁਤੇ ਵਿਰੋਧੀਆਂ ਨੇ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਸਮਝਿਆ ਹੀ ਨਹੀਂ ਹੈ। ਪ੍ਰਸਿੱਧ ਵਿਗਿਆਨਕ ਕਾਲਮਨਵੀਸ ਡਾ. ਸੁਰਜੀਤ ਸਿੰਘ ਢਿੱਲੋਂ ਨੇ ਇਸ ਦੀ ਬਹੁਤ ਸਰਲ ਵਿਆਖਿਆ ਕੀਤੀ ਹੈ ਜੋ ਪਾਠਕਾਂ ਦੇ ਗਿਆਨ ਲਈ ਇੱਥੇ ਦਿੱਤੀ ਜਾ ਰਹੀ ਹੈ। ਉਮੀਦ ਹੈ ਕਿ ਇਸ ਨੂੰ ਪੜ੍ਹਨ ਤੋਂ ਬਾਅਦ ਸ਼ੰਕਾਵਾਂ ਦੂਰ ਹੋ ਜਾਣਗੀਆਂ - ਸੰਪਾਦਕ

ਡਾਰਵਿਨ ਦਾ 'ਕੁਦਰਤੀ ਚੋਣ' ਸਿਧਾਂਤ, ਕੁਦਰਤ ਦੇ ਤਿੰਨ ਮੂਲ ਤੱਤਾਂ 'ਤੇ ਟਿਕਿਆ ਹੈ- ਪਹਿਲਾ, ਜੀਵਾਂ ਦੇ ਆਪਸ ਵਿੱਚ ਫਰਕ ਹਨ; ਦੂਜਾ, ਜੀਵ ਸੰਤਾਨ ਪੈਦਾ ਕਰਕੇ ਆਪਣੇ ਵੰਸ਼ ਨੂੰ ਅਗਾਂਹ ਤੋਂ ਅਗਾਂਹ ਚਲਦਿਆਂ ਰਖਦੇ ਹਨ; ਤੀਜਾ, ਮਾਂ ਅਤੇ ਬਾਪ ਦੀਆਂ ਵਿਸ਼ੇਸ਼ਤਾਵਾਂ ਦਾ ਮਿਸ਼ਰਣ ਸੰਤਾਨ ਨੂੰ ਵਿਰਸੇ ਵਿੱਚ ਮਿਲਦਾ ਹੈ।... ਹਰ ਜੀਵ ਆਪਣੀ ਹੋਂਦ ਨੂੰ ਬਚਾਉਣ ਖਾਤਰ ਵਾਤਾਵਰਨ ਦੇ ਅਨੁਕੂਲ ਢਲਣ ਦਾ ਯਤਨ ਕਰਦਿਆਂ ਬਦਲਦਾ ਰਹਿੰਦਾ ਹੈ। ਜਿਹੜੇ ਜੀਵ ਵੱਧ ਬਦਲਦੇ ਹਨ ਉਹ ਸੰਤਾਨ ਵੀ ਵੱਧ ਉਪਜਾਉਂਦੇ ਹਨ। ਇਸ ਕਾਰਨ ਹਰ ਅਗਲੀ ਪੁਸ਼ਤ ਵਿੱਚ ਪਿਛਲੀ ਪੁਸ਼ਤ ਦੇ ਗੁਣਾਂ ਦਾ ਪਸਾਰਾ ਵੱਧ ਹੋਣ ਲਗਦਾ ਹੈ। ਪੁਸ਼ਤ-ਦਰ-ਪੁਸ਼ਤ ਅਗਾਂਹ ਤੋਂ ਅਗਾਂਹ ਅਜਿਹਾ ਆਪਮੁਹਾਰੇ ਹੋਈ ਜਾਂਦਾ ਹੈ। ਇਸ ਲਈ ਹਰ ਪੁਸ਼ਤ ਪਹਿਲੀ ਨਾਲੋਂ ਜ਼ਰਾ ਕੁ ਭਿੰਨ ਜਨਮ ਲੈਂਦੀ ਹੈ। ਇਸ ਤਰ੍ਹਾਂ ਪਹਿਲੀ ਪੁਸ਼ਤ ਨਾਲੋਂ ਦਸਵੀਂ ਪੁਸ਼ਤ ਵੱਖਰੀ ਜਾਪਦੀ ਹੈ ਅਤੇ ਵੀਹਵੀਂ ਪੁਸ਼ਤ ਹੋਰ ਵੀ ਵੱਖਰੀ , ਜਦੋਂ ਕਿ ਹਜ਼ਾਰਵੀਂ ਪੁਸ਼ਤ ਵੱਖਰੀ ਨਸਲ ਬਣ ਕੇ ਸਮੇਂ ਦੇ ਬਦਲਦੇ ਰਹੇ ਹਾਲਾਤ ਅਧੀਨ ਵਿਚਰ ਰਹੀ ਹੁੰਦੀ ਹੈ। ਅਜਿਹਾ ਅਰਬਾਂ ਵਰ੍ਹਿਆਂ ਤੋਂ ਕੁਦਰਤ ਵਿੱਚ ਹੁੰਦਾ ਆ ਰਿਹਾ ਹੈ। ਇਸ ਨੂੰ ਹੀ ਡਾਰਵਿਨ ਨੇ ' ਕੁਦਰਤੀ ਚੋਣ' ਕਿਹਾ ਹੈ।

# ਸੂਰਸੈਣੀ - ਰਾਜਾ ਪੋਰਸ

ਦੇਵਿੰਦਰ ਸਿੰਘ ਜੀਆ ਨੱਥਾ
9417769103



ਰਾਜਾ ਪੋਰਸ ਪ੍ਰਾਚੀਨ ਪੰਜਾਬ ਦਾ ਸ਼ਕਤੀਸ਼ਾਲੀ ਰਾਜਾ ਸੀ। ਉਸ ਨੇ ਪੂਰਵ ਈਸਵੀ 340 ਤੋਂ 321 ਦੇ ਵਿਚਕਾਰ ਰਾਜ ਕੀਤਾ। ਸਾਰੇ ਇਤਿਹਾਸਕਾਰ ਇਸ ਗੱਲ 'ਤੇ ਸਹਿਮਤ ਹਨ ਕਿ ਉਸ ਦਾ ਰਾਜ ਚਨਾਬ ਅਤੇ ਜੇਹਲਮ ਦਰਿਆਵਾਂ ਦੇ ਵਿਚਕਾਰ ਸੀ। ਉਸ ਨੇ ਯੂਨਾਨ ਦੇ ਸਿਕੰਦਰ ਮਹਾਨ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਹਾਰ ਜਾਣ 'ਤੇ ਵੀ ਉਸ ਦੀ ਈਨ ਨਹੀਂ ਮੰਨੀ। ਡਾ. ਪ੍ਰੀਤਮ ਸੈਣੀ ਨੇ ਆਪਣੀ ਪੁਸਤਕ, ' ਸੈਣੀ ਜਾਤ ਦੀ ਉਤਪਤੀ ਤੇ ਵਿਕਾਸ' ਵਿੱਚ ਪੋਰਸ ਨੂੰ ਸੈਣੀ ਸਮਾਜ ਨਾਲ ਸਬੰਧਿਤ ਦੱਸਿਆ ਹੈ। ਉਹ ਪੁਰੂ ਜਾਂ ਪੌਰਵ ਕਬੀਲੇ ਦਾ ਸੀ ਜੋ ਯਾਦਵਾਂ ਦੇ ਖਾਨਦਾਨ ਭਾਵ ਸ਼੍ਰੀ ਕ੍ਰਿਸ਼ਨ ਨਾਲ ਸਬੰਧ ਰਖਦਾ ਸੀ। ਇਤਿਹਾਸਕਾਰ ਜੌਹਨ ਡੌਸਨ ਆਪਣੀ ਪੁਸਤਕ, 'ਹਿੰਦੂ ਮਿਥਹਾਸ ਕੋਸ਼' ਵਿੱਚ ਲਿਖਦੇ ਹਨ ਕਿ ਯਾਦਵ, ਰਾਜਾ ਯਯਾਤੀ ਅਤੇ ਰਾਣੀ ਦੇਵਯਾਨੀ ਦੀ ਸੰਤਾਨ ਸੀ ਜਿਸ ਤੋਂ ਅੱਗੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਵਾਲੀ ਵੰਸ਼ ਚਲੀ ਸੀ। ਰਾਜਾ ਯਯਾਤੀ ਦੀ ਦੂਜੀ ਪਤਨੀ ਰਾਣੀ ਸਰਮਿਸ਼ਠਾ ਤੋਂ ਰਾਜਾ ਪੁਰੂ ਦੀ ਸ਼ਾਖ ਚੱਲੀ ਸੀ ਜੋ ਪੁਰੂ ਵੰਸ਼ ਅਤੇ ਪੁਰੂ ਕਬੀਲੇ ਵਿੱਚ ਵਟ ਗਈ ਸੀ। ਡਾ.ਬੁੱਧ ਪ੍ਰਕਾਸ਼ ਨੇ ਆਪਣੀ ਪੁਸਤਕ, ' ਰਾਜਾ ਪੋਰਸ' ਵਿੱਚ ਲਿਖਿਆ ਹੈ ਕਿ ਪੁਰੂ ਕਬੀਲੇ ਦਾ ਮਹਾਂਭਾਰਤ ਮਹਾਂਕਾਵਿ ਵਿੱਚ ਜ਼ਿਕਰ ਆਉਂਦਾ ਹੈ ਅਤੇ ਉਹ ਉਸ ਸਮੇ ਸੈਣੀ ਸਮਾਜ ਦਾ ਸ਼ਕਤੀਸ਼ਾਲੀ ਕਬੀਲਾ ਸੀ ਜੋ ਮਹਾਂਭਾਰਤ ਦੇ ਯੁੱਧ ਵਿੱਚ ਕੌਰਵਾਂ ਵਲੋਂ ਲੜਿਆ ਸੀ। ਇਤਿਹਾਸਕਾਰ ਈਸ਼ਵਰੀ ਪ੍ਰਸ਼ਾਦ ਅਨੁਸਾਰ ਪੋਰਸ ਯਦੂਵੰਸ਼ੀ ਸੂਰਸੈਨੀ ਹੋ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਪੋਰਸ ਦੇ ਸਿਪਾਹੀਆਂ ਪਾਸ ਹੈਰਕੂਲਸ ਦਾ ਬੈਨਰ ਹੁੰਦਾ ਸੀ ਜੋ ਮਥੁਰਾ ਦੇ ਸ਼ੂਰਸੈਨੀਆਂ ਦੇ ਚਿੰਨ੍ਹ ਨਾਲ ਮਿਲਦਾ ਸੀ। ਇਸ ਇਤਿਹਾਸਕਾਰ ਦਾ ਮੰਨਣਾ ਹੈ ਕਿ ਕ੍ਰਿਸ਼ਨ ਜੀ ਦੀ ਮੌਤ ਤੋਂ ਬਾਅਦ ਸ਼ੂਰਸੈਨੀ ਕਬੀਲੇ ਦੇ ਕੁੱਝ ਲੋਕਾਂ ਨੇ ਪੰਜਾਬ( ਸਮੇਤ ਪਾਕਿਸਤਾਨ) ਅਤੇ ਅਫਗਾਨਿਸਤਾਨ ਵੱਲ ਜਾ ਕੇ ਉੱਥੇ ਰਾਜ ਸਥਾਪਿਤ ਕਰ ਲਏ ਹੋਣਗੇ। ਪੁਰੂ ਰਾਜ ਦੀ ਹੱਦ ਪੁਰੂਆਂ ਦੇ ਵਿਰੋਧੀ ਤਕਸ਼ਿਲਾ ਰਾਜ ਨਾਲ ਲਗਦੀ ਸੀ। ਪੋਰਸ, ਪੁਰੂ ਰਾਜਾ ਬਾਮਨੀ ਅਤੇ ਤਕਸ਼ਿਲਾ ਦੀ ਰਾਜਕੁਮਾਰੀ ਅਨੁਸੂਆ ਦਾ ਪੁੱਤਰ ਸੀ। ਭਾਰਤੀ ਇਤਿਹਾਸ ਵਿੱਚ ਪੋਰਸ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ। ਉਸ ਦਾ ਜ਼ਿਕਰ ਯੂਨਾਨੀ ਇਤਿਹਾਸਕਾਰਾਂ ਨੇ ਆਪਣੇ ਦੇਸ਼ ਦੇ ਸਿਕੰਦਰ ਮਹਾਨ ਦੀ ਬਹਾਦਰੀ ਨੂੰ ਦੱਸਣ ਲਈ ਹੀ ਕੀਤਾ ਹੈ।

ਬਾਦਸ਼ਾਹ ਸਿਕੰਦਰ ਯੂਨਾਨ ਦੀ ਰਿਆਸਤ ਮਕਦੂਨੀਆਂ ਦੇ ਸਮਰਾਟ ਫਿਲਿਪ ਦਾ ਪੁੱਤਰ ਸੀ। ਉਸ ਦਾ ਜਨਮ 356 ਈ.ਪੂ. ਵਿੱਚ ਹੋਇਆ ਸੀ। ਸਿਕੰਦਰ ਸਾਰੀ ਦੁਨੀਆਂ ਨੂੰ ਜਿੱਤਣ ਦੀ ਪ੍ਰਬਲ ਇੱਛਾ ਰਖਦਾ ਸੀ। ਇਸ ਲਈ ਉਸ ਨੇ ਸਾਰੇ ਯੂਨਾਨ ਨੂੰ ਜਿੱਤਣ ਤੋਂ ਬਾਅਦ ਈਰਾਨ, ਏਸ਼ੀਆ ਮਾਈਨਰ( ਤੁਰਕੀ), ਸੀਰੀਆਂ, ਬੇਬੀਲੋਨੀਆਂ ਅਤੇ ਅਫਗਾਨਿਸਤਾਨ ਨੂੰ ਵੀ ਜਿੱਤ ਲਿਆ। ਹੁਣ ਉਸ ਨੇ ਭਾਰਤ ਨੂੰ ਆਪਣੇ ਅਧੀਨ ਕਰਨ ਦੀ ਯੋਜਨਾ ਬਣਾਈ। ਭਾਰਤ ਵਿੱਚ ਉਸ ਸਮੇਂ ਕੋਈ ਸ਼ਕਤੀਸ਼ਾਲੀ ਰਾਜਾ ਨਹੀਂ ਸੀ। ਸਾਰਾ ਦੇਸ਼ ਛੋਟੇ ਛੋਟੇ ਕਬੀਲਿਆਂ ਦੇ ਅਧੀਨ ਸੀ ਜੋ ਆਪੋ ਵਿੱਚ ਲੜਦੇ ਰਹਿੰਦੇ ਸਨ। ਸਿਕੰਦਰ ਨੇ 326 ਈ.ਪੂ. ਭਾਰਤ ਤੇ ਹਮਲਾ ਕੀਤਾ ਅਤੇ ਉੱਤਰ-ਪੱਛਮ ਦੇ ਇਲਾਕਿਆਂ ਨੂੰ ਜਿੱਤਦਾ ਹੋਇਆ ਤਕਸ਼ਿਲਾ (ਹੁਣ ਪਾਕਿਸਤਾਨ) ਤੱਕ ਪਹੁੰਚ ਗਿਆ ਜਿੱਥੇ ਰਾਜਾ ਅੰਭੀ ਰਾਜ ਕਰਦਾ ਸੀ ਜੋ ਆਪਣੇ ਗੁਆਂਢੀ ਰਾਜੇ ਪੋਰਸ ਨਾਲ ਈਰਖਾ ਕਰਦਾ ਸੀ। ਸ਼ਕਤੀਸ਼ਾਲੀ ਸਿਕੰਦਰ ਦੀ ਫੌਜੀ ਤਾਕਤ ਨੂੰ ਦੇਖ ਕੇ ਰਾਜਾ ਅੰਭੀ ਨੇ ਉਸ ਨਾਲ ਸਮਝੌਤਾ ਕਰ ਲਿਆ ਅਤੇ ਪੋਰਸ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ। ਸਿਕੰਦਰ ਨੇ ਆਪਣੀਆਂ ਫੌਜਾਂ ਰਾਜੇ ਪੋਰਸ ਦੇ ਰਾਜ ਦੀ ਹੱਦ ਦਰਿਆ ਜਿਹਲਮ ਦੇ ਕਿਨਾਰੇ ਤਾਇਨਾਤ ਕਰ ਦਿੱਤੀਆਂ। ਇਹ ਮਈ- ਜੂਨ ਦਾ ਮਹੀਨਾ ਸੀ ਪਰ ਦਰਿਆ ਵਿੱਚ ਹੜ੍ਹ ਆਇਆ ਹੋਇਆ ਸੀ ਜਿਸ ਕਾਰਨ ਦਰਿਆ ਪਾਰ ਕਰਕੇ ਪੋਰਸ ਦੀਆਂ ਫੌਜਾਂ ਤੇ ਹਮਲਾ ਕਰਨ ਦਾ ਹੌਸਲਾ ਨਹੀਂ ਸੀ ਪੈਂਦਾ। ਕਈ ਮਹੀਨੇ ਫੌਜਾਂ ਇੱਕ ਦੂਜੇ ਦੇ ਸਾਹਮਣੇ ਖੜੀਆਂ ਰਹੀਆਂ। ਆਖਿਰ ਇੱਕ ਰਾਤ ਸਿਕੰਦਰ ਨੇ ਆਪ ਇੱਕ ਤੀਹ ਚੱਪੂਆਂ ਵਾਲੀ ਕਿਸ਼ਤੀ ਤੇ ਸਵਾਰ ਹੋ ਕੇ ਦਰਿਆ ਪਾਰ ਕੀਤਾ। ਉਸ ਦੇ ਜਰਨੈਲ ਉਸ ਦੇ ਪਿੱਛੇ ਪਿੱਛੇ ਸਨ। ਅਸਲ ਵਿੱਚ ਉਹ ਦਰਿਆ ਦੇ ਪਾਰਲੇ ਕੰਢੇ ਨਹੀਂ ਸਗੋਂ ਇੱਕ ਟਾਪੂ ਤੇ ਉੱਤਰਿਆ ਸੀ ਜੋ ਦਰਿਆ ਦੀ ਇੱਕ ਧਾਰ ਰਾਹੀਂ ਮੁੱਖ ਦਰਿਆ ਤੋਂ ਵੱਖ ਹੋਇਆ ਸੀ। ਫਿਰ ਮੁੱਖ ਦਰਿਆ ਨੂੰ ਪਾਰ ਕਰਦਿਆਂ ਜੋ ਬੁਰੀ ਹਾਲਤ ਸਿਕੰਦਰ ਦੀਆਂ ਫੌਜਾਂ ਦੀ ਹੋਈ ਉਸ ਦਾ ਵਰਣਨ ਡਾ. ਬੁੱਧ ਪ੍ਰਕਾਸ਼ ਨੇ ਆਪਣੀ ਪੁਸਤਕ ਵਿੱਚ ਵਿਸਤਾਰਸਹਿਤ ਕੀਤਾ ਹੈ। ਆਖਿਰ ਕਈ ਜਾਨਾਂ ਗੁਆ ਕੇ ਯੂਨਾਨੀ ਫੌਜ ਨਦੀ ( ਜਿਸ ਨੂੰ ਸਿਕੰਦਰ ਦੇ ਨਾਂ ਤੇ 'ਸਿਕੰਦਰ ਨਦੀ' ਕਿਹਾ ਜਾਂਦਾ ਹੈ) ਨੂੰ ਪਾਰ ਕਰਨ ਵਿੱਚ ਸਫਲ ਹੋ ਗਈ। ਸਿਕੰਦਰ, ਪੋਰਸ ਦੀ ਬਾਦਸ਼ਾਹੀ ਦੇ ਉਸ ਹਿੱਸੇ ਤੇ ਉੱਤਰਿਆ ਸੀ ਜਿਸ ਨੂੰ 'ਕਰੀ ਦਾ ਮੈਦਾਨ' ਕਹਿੰਦੇ ਹਨ।



ਇਹ ਉੱਤਰ ਤੇ ਪੂਰਬ ਵਲੋਂ ਨੀਵੀਆਂ ਪਹਾੜੀਆਂ ਦੇ ਵਿਚਕਾਰ ਘਿਰਿਆ ਹੋਇਆ ਹੈ ਤੇ ਇਸ ਦੀ ਵੱਧ ਤੋਂ ਵੱਧ ਚੌੜਾਈ ਲਗਭਗ ਪੰਜ ਮੀਲ ਹੈ। ਇਸ ਰਣਭੂਮੀ ਉੱਤੇ ਹੁਣ ਸਿਰਵਾਲ,ਪਕਰਾਲ ਤੇ ਸੁਖਚੈਨਪੁਰ ਪਿੰਡ ਆਬਾਦ ਹਨ।

ਪੋਰਸ ਦੇ ਪੁੱਤਰ ਨੇ 60 ਰੱਥਾਂ ਨਾਲ ਯੂਨਾਨੀ ਸੈਨਿਕਾਂ ਤੇ ਏਨੇ ਜ਼ੋਰ ਨਾਲ ਹਮਲਾ ਬੋਲਿਆ ਕਿ ਸਭ ਪਾਸੇ ਹਾਹਾਕਾਰ ਮਚ ਗਈ। ਸਿਕੰਦਰ ਦਾ ਘੋੜਾ ਜ਼ਖਮੀ ਹੋ ਕੇ ਡਿਗ ਪਿਆ ਤੇ ਮਰ ਗਿਆ। ਸਿਕੰਦਰ ਵੀ ਜ਼ਖਮੀ ਹੋ ਕੇ ਮਰਨ ਕਿਨਾਰੇ ਹੋ ਗਿਆ ਅਤੇ ਮਸਾਂ ਹੀ ਮੌਤ ਦੇ ਮੂੰਹ ਚੋਂ ਬਚਿਆ। ਅਖੀਰ ਪੋਰਸ ਦਾ ਪੁੱਤਰ ਵੀ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਇਸ ਸਮੇਂ ਰੱਖੜੀ ਦਾ ਤਿਉਹਾਰ ਆ ਗਿਆ। ਸਿਕੰਦਰ ਦੀ ਪਤਨੀ ਨੇ ਪੋਰਸ ਨੂੰ ਰੱਖੜੀ ਭੇਜੀ ਜੋ ਉਸ ਨੇ ਸਵੀਕਾਰ ਕਰਕੇ ਗੁੱਟ 'ਤੇ ਬੰਨ੍ਹ ਲਈ। ਰਾਜਾ ਪੋਰਸ ਆਪਣੇ ਪੁੱਤਰ ਦੀ ਮੌਤ ਦਾ ਪਤਾ ਲੱਗਣ 'ਤੇ ਭਾਰੀ ਫੌਜ ਲੈ ਕੇ ਜੰਗ ਦੇ ਮੈਦਾਨ ਵਿੱਚ ਗਿਆ। ਪੋਰਸ, ਜਿਸ ਦਾ ਦੈਂਤ ਜਿਹਾ ਸਰੀਰ ਅਤੇ ਸਾਢੇ ਸੱਤ ਫੁੱਟ ਕੱਦ ਸੀ, ਦੁਸ਼ਮਣ 'ਤੇ ਭੁੱਖੇ ਸ਼ੇਰ ਵਾਂਗ ਟੁੱਟ ਪਿਆ। ਸਿਕੰਦਰ ਦੇ ਸੈਨਿਕਾਂ ਨੂੰ ਆਪਣੀ ਮੌਤ ਪ੍ਰਤੱਖ ਦਿਸਣ ਲੱਗੀ ਅਤੇ ਉਹ ਆਪਣੀ ਜਾਨ ਬਚਾਉਣ ਲਈ ਪੋਰਸ ਦੀ ਫੌਜ ਵਿੱਚ ਸ਼ਾਮਿਲ ਹੋਣ ਲਈ ਸੋਚਣ ਲੱਗੇ। ਸਿਕੰਦਰ ਨੂੰ ਵੀ ਆਪਣੀ ਹਾਰ ਸਾਹਮਣੇ ਦਿਸ ਰਹੀ ਸੀ। 'ਯਹੂਦੀਆਂ ਦੇ ਇਤਿਹਾਸ' ਵਿੱਚ ਜੋਸਫ਼ ਬੇਨ ਗੋਰੀਅਨ ਨੇ ਲਿਖਿਆ ਹੈ ਕਿ ਸਿਕੰਦਰ ਦੇ ਸੈਨਿਕਾਂ ਨੇ ਉਸ ਨੂੰ ਫੜ ਕੇ ਪੋਰਸ ਦੇ ਹਵਾਲੇ ਕਰਨ ਦੀ ਸਲਾਹ ਕੀਤੀ। ਮੈਦਾਨਿ-ਜੰਗ ਵਿੱਚ ਪੋਰਸ ਹਾਥੀ 'ਤੇ ਸਵਾਰ ਜੇਤੂ ਬਾਦਸ਼ਾਹ ਵਾਂਗ ਸਿਕੰਦਰ ਦੇ ਸਾਹਮਣੇ ਆਇਆ। ਜਿਉਂ ਹੀ ਪੋਰਸ ਨੇ ਸਿਕੰਦਰ ਨੂੰ ਮਾਰਨ ਲਈ ਬਰਛਾ ਚੁੱਕਿਆ, ਤਾਂ ਪੋਰਸ ਨੂੰ ਆਪਣੇ ਗੁੱਟ 'ਤੇ ਸਿਕੰਦਰ ਦੀ ਪਤਨੀ ਦੀ ਰੱਖੜੀ ਨਜ਼ਰ ਪੈ ਗਈ। ਉਸ ਨੇ ਸੋਚਿਆ ਕਿ ਜੇ ਸਿਕੰਦਰ ਮਾਰਿਆ ਗਿਆ ਤਾਂ ਉਸ ਦੀ ਮੂੰਹ-ਬੋਲੀ ਭੈਣ ਵਿਧਵਾ ਹੋ ਜਾਵੇਗੀ। ਇੱਕ ਭਰਾ ਦਾ ਫ਼ਰਜ਼ ਪਛਾਣਦਿਆਂ ਪੋਰਸ ਨੇ ਬਰਛਾ ਥੱਲੇ ਸੁੱਟ ਦਿੱਤਾ। ਸਿਕੰਦਰ ਨੇ ਸਮਝਿਆ ਕਿ ਪੋਰਸ ਨੇ ਹਾਰ ਮੰਨ ਲਈ ਹੈ। ਉਸ ਨੇ ਆਪਣੇ ਸਿਪਾਹੀਆਂ ਨੂੰ ਪੋਰਸ ਨੂੰ ਕੈਦ ਕਰ ਕੇ ਉਸ ਦੇ ਸਾਹਮਣੇ ਪੇਸ਼ ਕਰਨ ਦਾ ਹੁਕਮ ਦਿੱਤਾ। ਪੇਸ਼ ਹੋਣ 'ਤੇ ਸਿਕੰਦਰ ਨੇ ਪੋਰਸ ਨੂੰ ਕਿਹਾ ਕਿ ਤੇਰੇ ਨਾਲ ਕਿਹੋ ਜਿਹਾ ਵਰਤਾਵ ਕੀਤਾ ਜਾਵੇ ਤਾਂ ਪੋਰਸ ਨੇ ਨਿਝੱਕ ਹੋ ਕੇ ਜਵਾਬ ਦਿੱਤਾ ਕਿ ਜੋ ਇੱਕ ਜੇਤੂ ਬਾਦਸ਼ਾਹ ਹਾਰੇ ਹੋਏ ਬਾਦਸ਼ਾਹ ਨਾਲ ਕਰਦਾ ਹੋ ਉਹੋ ਜਿਹਾ ਵਰਤਾਵ ਮੇਰੇ ਨਾਲ ਕੀਤਾ ਜਾਵੇ। ਸਿਕੰਦਰ ਇਹ ਜਵਾਬ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਪੋਰਸ ਦਾ ਸਾਰਾ ਰਾਜ ਉਸ ਨੂੰ ਵਾਪਿਸ ਕਰ ਦਿੱਤਾ। (ਇਹ ਵੀ ਕਿਹਾ ਜਾਂਦਾ ਹੈ ਕਿ ਸਿਕੰਦਰ ਨੇ ਨਾ ਕੇਵਲ ਪੋਰਸ ਨੂੰ ਉਸ ਦਾ ਰਾਜ ਵਾਪਿਸ ਕੀਤਾ ਸਗੋਂ ਉਸ ਦੇ ਰਾਜ ਨੂੰ ਦੱਖਣ-ਪੂਰਬ ਵੱਲ ਬਿਆਸ ਦਰਿਆ ਤੱਕ ਵਧਾ ਦਿੱਤਾ।ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸਿਕੰਦਰ ਬਹੁਤ ਜ਼ਾਲਮ ਬਾਦਸ਼ਾਹ ਸੀ ਜਿਸ ਤੋਂ ਆਪਣੇ ਦੁਸ਼ਮਣ ਪ੍ਰਤਿ ਰਹਿਮ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਲਈ ਸੰਭਵ ਹੈ ਕਿ ਪੋਰਸ ਜਿੱਤ ਗਿਆ ਹੋਵੇ। ਉਨ੍ਹਾਂ ਦਾ ਇਹ ਵੀ ਤਰਕ ਹੈ ਕਿ ਸਿਕੰਦਰ ਵਾਪਿਸੀ ਸਮੇਂ ਬਹੁਤ ਹੀ ਕਠਿਨ ਰਾਸਤੇ ਗਿਆ ਸੀ ਜਿਸ ਰਾਹੀਂ ਜਾਣ ਲਈ ਪੋਰਸ ਨੇ ਉਸ ਨੂੰ ਮਜ਼ਬੂਰ ਕੀਤਾ ਹੋਵੇਗਾ। ਇਹ ਸਚਾਈ ਵੀ ਹੋ ਸਕਦੀ ਹੈ ਕਿਉਂਕਿ ਪੋਰਸ-ਸਿਕੰਦਰ ਦੀ ਜੰਗ ਦਾ ਵਰਣਨ ਕੇਵਲ ਯੂਨਾਨੀ ਇਤਿਹਾਸ ਵਿੱਚ ਸਿਕੰਦਰ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਹੀ ਮਿਲਦਾ ਹੈ। ਕੁੱਝ ਇਤਿਹਾਸਕਾਰਾਂ ਅਨੁਸਾਰ ਪੋਰਸ ਤੋਂ ਬਾਅਦ ਉਸ ਦਾ ਪੁੱਤਰ ਮਾਲਯਕੇਤੂ ਰਾਜਗੱਦੀ ਤੇ ਬੈਠਿਆ। - ਸੰਪਾਦਕ )

ਸਿਕੰਦਰ ਦੇ ਹਿੰਦੋਸਤਾਨ ਤੋਂ ਵਾਪਿਸ ਜਾਣ ਉਪਰੰਤ ਛੇਤੀ ਹੀ ਚੰਦਰ ਗੁਪਤ ਮੋਰੀਆ ਦਾ ਰਾਜ ਸਥਾਪਿਤ ਹੋ ਗਿਆ। ਉਹ ਵੀ ਸੈਣੀ ਸਮਾਜ ਨਾਲ ਸਬੰਧਿਤ ਮੰਨਿਆਂ ਜਾਂਦਾ ਹੈ। ਇਸ ਤੋਂ ਬਾਅਦ ਫਿਰ ਰਾਜਾ ਬਿੰਦੂਸਾਰ ਅਤੇ ਰਾਜਾ ਅਸ਼ੋਕ ਮਹਾਨ ਵੀ ਸੈਣੀ ਸਮਾਜ ਨਾਲ ਸਬੰਧ ਰਖਦੇ ਸਨ।

* * * * *



## ਰੁਬਾਈਆਂ

**ਬਲਬੀਰ ਸਿੰਘ ਸੈਣੀ**
**ਨੰਗਲ**

ਕਿੱਥੋਂ ਦੀ ਹੈ ਸਿਆਣਪ, ਅੱਖੀਆਂ ਨੂੰ ਜਾਮ ਲਿਖਣਾ।
ਇੱਕ ਹੋਛੇ ਸ਼ਰਾਬੀ ਨੂੰ ਉਮਰ-ਏ- ਖਿਆਮ ਲਿਖਣਾ।
ਭੁੱਖਿਆਂ ਦੀ ਭੁੱਖ ਲਿਖ ਤੂੰ , ਛੱਡ ਦੇ ਐ ਯਾਰ 'ਸੈਣੀ'।
ਚਿਹਰੇ ਨੂੰ ਚਾਂਦ ਲਿਖਣਾ, ਜ਼ੁਲਫਾਂ ਨੂੰ ਸ਼ਾਮ ਲਿਖਣਾ।

ਬੁਝੀ ਅੱਗ ਨੂੰ ਉਹ ਮਚਾ ਕੇ ਹਟੇ।
ਮੇਰੇ ਯਾਰ, ਯਾਰੀ ਜਤਾ ਕੇ ਹਟੇ।
ਮੇਰਾ ਤਾਂ ਮਰਨ ਵੀ ਨਾ ਜਰਿਆ ਗਿਆ,
ਮਰੇ ਬਾਦ ਵੀ ਅੱਗ ਲਾ ਕੇ ਹਟੇ।

ਕੀਤੀ ਸੀ ਮੈਂ ਤਾਂ ਬੇਨਤੀ ਇਨਸਾਨ ਦੀ ਤਰ੍ਹਾਂ।
ਉਹ ਚੁੱਪ ਕਰ ਕੇ ਰਹਿ ਗਏ ਭਗਵਾਨ ਦੀ ਤਰ੍ਹਾਂ।
ਦੁਨੀਆਂ 'ਚ ਆਸ ਖੁਸ਼ੀਆਂ ਦੀ ਰੱਖਣੀ ਫ਼ਜ਼ੂਲ ਹੈ,
ਦੁਨੀਆਂ ਤਾਂ ਗ਼ਮ ਵੀ ਦਿੰਦੀ ਏ ਅਹਿਸਾਨ ਦੀ ਤਰ੍ਹਾਂ

ਲਾਹ ਕੇ ਵੰਗਾਂ, ਹੱਥ ਵਿੱਚ ਤਲਵਾਰ ਲੈ।
ਚੁੰਨੀ ਦਾ ਤੂੰ ਕਮਰ-ਕੱਸਾ ਮਾਰ ਲੈ।
ਸੜਕ 'ਤੇ ਜ਼ਲੀਲ ਹੋਵਣ ਦੇ ਸਮੇਂ,
ਕੀ ਹੈ ਕਰਨਾ, ਸੋਚ ਲੈ ਵਿਚਾਰ ਲੈ।

# ਮਾਨਵ ਵਿਗਿਆਨੀ ਡਾ. ਰਨਬੀਰ ਸਿੰਘ ਬਲਗੀਰ

ਅਮਰਜੀਤ ਸਿੰਘ
ਰੂਪਨਗਰ



ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਨੇ ਅਨੇਕ ਹੀ ਦੇਸ਼ਭਗਤ, ਖਿਡਾਰੀ, ਬੁੱਧੀਜੀਵੀ, ਫੌਜੀ ਜਰਨੈਲ ਅਤੇ ਵਿਗਿਆਨੀ ਪੈਦਾ ਕੀਤੇ ਹਨ ਜਿਨ੍ਹਾਂ ਨੇ ਦੇਸ਼ ਦਾ ਨਾਂ ਦੁਨੀਆਂ ਭਰ ਵਿੱਚ ਉਚਾ ਕੀਤਾ ਹੈ। ਇਹ ਆਪਣੀ ਮਿਹਨਤ ਅਤੇ ਇਮਾਨਦਾਰੀ ਕਰ ਕੇ ਜਾਣੇ ਜਾਂਦੇ ਹਨ। ਇਹ ਵੀ ਸੱਚ ਹੈ ਕਿ ਇਹ ਆਪਣੇ ਸੰਕੋਚਮਈ ਸੁਭਾ ਕਾਰਨ ਆਮ ਲੋਕਾਂ ਦੀ ਜਾਣਕਾਰੀ ਵਿੱਚ ਨਹੀਂ ਆਉਂਦੇ। ਬਰਾਦਰੀ ਦੇ ਅਜਿਹੇ ਵਿਅਕਤੀਆਂ ਨੂੰ ਉਜਾਗਰ ਕਰਨ ਦਾ ਬੀੜਾ ਸੈਣੀ ਸੰਸਾਰ ਮੈਗਜ਼ੀਨ ਨੇ ਚੁੱਕਿਆ ਹੈ। ਇਸ ਕੜੀ ਵਿੱਚ ਡਾ. ਰਨਬੀਰ ਸਿੰਘ ਸ਼ਾਮਿਲ ਹਨ ਜਿਨ੍ਹਾਂ ਨੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸੈਣੀ ਬਰਾਦਰੀ ਦੇ ਪ੍ਰਸਿੱਧ ਪਿੰਡ ਭੁੰਗਰਨੀ ਵਿਖੇ ਪਿਤਾ ਸ. ਗੁਰਬਚਨ ਸਿੰਘ ( ਗੋਤ ਬਣਵੈਤ) ਅਤੇ ਮਾਤਾ ਸ਼੍ਰੀਮਤੀ ਰੱਖੀ ਬਲਗੀਰ ( ਪੇਕਿਆਂ ਦਾ ਗੋਤ ਤੰਬੜ) ਦੇ ਘਰ 17 ਅਗਸਤ, 1952 ਨੂੰ ਜਨਮ ਲੈ ਕੇ ਵਿਸ਼ਵ ਪੱਧਰ ਦੇ ਮਾਨਵ ਵਿਗਿਆਨੀ (ਐਂਥਰੋਪੌਲੋਜਿਸਟ) ਬਣਨ ਦਾ ਮਾਣ ਹਾਸਲ ਕੀਤਾ ਹੈ। ਉਨ੍ਹਾਂ ਨੇ ਪ੍ਰਾਇਮਰੀ ਸਿਖਿਆ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋ, ਮੈਟ੍ਰਿਕ ਪਬਲਿਕ ਹਾਈ ਸਕੂਲ ਪਾਂਛਟਾ (ਕਪੂਰਥਲਾ) ਤੋਂ, ਪ੍ਰੀਮੈਡੀਕਲ ਐਸ.ਐਨ.ਕਾਲਿਜ ਬੰਗਾ (ਐਸ.ਬੀ.ਐਸ.ਨਗਰ) ਤੋਂ ਅਤੇ ਐਮ.ਐਸ.ਸੀ. ਆਨਰਜ਼ ਇੰਨ ਫੀਜ਼ੀਕਲ ਐਂਥਰੋਪੌਲੋਜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰਨ ਉਪਰੰਤ ਹਿਊਮਨ ਜੈਨੇਟਿਕਸ ਵਿੱਚ ਪੀ.ਐਚ.ਡੀ. ਵੀ ਇਸ ਯੂਨੀਵਰਸਿਟੀ ਤੋਂ ਕੀਤੀ। ਆਪ ਨੇ ਹਰ ਪ੍ਰੀਖਿਆ ਡਿਸਟਿੰਕਸ਼ਨ ਨਾਲ ਪਾਸ ਕੀਤੀ।

ਡਾ. ਬਲਗੀਰ ਨੇ ਐਂਥਰੋਪੌਲੋਜੀਕਲ ਸਰਵੇ ਆਫ਼ ਇੰਡੀਆ ਅਤੇ ਪੀ.ਜੀ.ਆਈ. ਚੰਡੀਗੜ੍ਹ ਵਿੱਚ ਜੂਨੀਅਰ ਰਿਸਰਚ ਫੈਲੋ ਵਜੋਂ ਕੰਮ ਕੀਤਾ ਜਿਸ ਦੌਰਾਨ ਉਨ੍ਹਾਂ ਨੇ ਬਾਇਓਲੋਜੀਕਲ ਸਾਈਕੈਟਰੀ ਅਤੇ ਕੰਨਜੈਨੀਟਲ ਕਲੈਫਟ ਲਿੱਪ ਤੇ ਪੈਲੇਟ ਅਨਾਮਲੀਜ਼ ਬਾਰੇ ਬਹੁਮੁਲੀਆਂ ਖੋਜਾਂ ਕੀਤੀਆਂ। ਆਪ 1985 ਵਿੱਚ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦਿਬਰੂਗੜ੍ਹ (ਆਸਾਮ) ਵਿੱਚ ਸੀਨੀਅਰ ਰਿਸਰਚ ਆਫੀਸਰ ਨਿਯੁਕਤ ਹੋ ਕੇ ਹੈਮੇਟਾਲੋਜੀ ਵਿਭਾਗ ਦੇ ਮੁਖੀ ਬਣ ਗਏ। ਸੰਨ 1991 ਵਿੱਚ ਆਪ ਦੀ ਤਰੱਕੀ ਭੁਵਨੇਸ਼ਵਰ (ਉੜੀਸਾ) ਵਿਖੇ ਡਿਪਟੀ ਡਾਇਰੈਕਟਰ ਅਤੇ ਡਿਵੀਜ਼ਨ ਆਫ ਹਿਊਮਨ ਜੈਨੇਟਿਕਸ ਦੇ ਮੁਖੀ ਵਜੋਂ ਹੋ ਗਈ ਜਿੱਥੇ ਆਪ ਨੇ 2008 ਤੱਕ ਸੇਵਾ ਨਿਭਾਈ। ਆਪ ਨੇ ਜੱਬਲਪੁਰ (ਮੱਧ ਪ੍ਰਦੇਸ਼) ਵਿਖੇ ਨੈਸ਼ਨਲ ਇੰਟੀਚਿਊਟ ਫਾਰ ਰਿਸਰਚ ਇੰਨ ਟਰਾਈਬਲ ਹੈਲਥ ਵਿੱਚ ਬਾਇਓਕੈਮਿਸਟਰੀ ਦੇ ਮੁਖੀ ਦੀ ਸੇਵਾ ਵੀ ਪੂਰੀ ਲਗਨ ਨਾਲ ਕੀਤੀ।

ਡਾ. ਆਰ.ਐਸ.ਬਲਗੀਰ ਕਈ ਅੰਤਰਰਾਸ਼ਟਰੀ ਵਿਗਿਆਨ ਸੰਸਥਾਵਾਂ ਦੇ ਫੈਲੋ ਹਨ। ਇਨ੍ਹਾਂ ਵਿੱਚ ਪ੍ਰਮੁੱਖ ਹਨ- ਹਿਊਮਨ ਬਾਇਓਲੋਜੀ ਕੌਂਸਲ( ਯੂ.ਐਸ.ਏ.), ਅਮੈਰੀਕਨ ਡਰਮਾਟੋਲੋਜੀ ਐਸੋਸੀਏਸ਼ਨ, ਇਨਟਰਨੈਸ਼ਨਲ ਡਰਮਾਟੌਗਲੀਫਿਕਸ ਐਸੌਸੀਏਸ਼ਨ ਅਤੇ ਨਿਊਯਾਰਕ ਅਕੈਡਮੀ ਆਫ ਸਾਇੰਸਸ। ਆਪ ਦਰਜਨਾਂ ਰਾਸ਼ਟਰੀ ਸੰਸਥਾਵਾਂ ਦੇ ਵੀ ਆਜੀਵਨ-ਮੈਂਬਰ ਹਨ ਜਿਵੇਂ- ਇੰਡੀਅਨ ਸੁਸਾਇਟੀ ਆਫ ਹਿਊਮਨ ਜੈਨੇਟਿਕਸ, ਇੰਡੀਅਨ ਸੁਸਾਇਟੀ ਆਫ ਹੈਮਾਟੋਲੋਜੀ ਐਂ ਟਰਾਂਸਫਿਊਜ਼ਨ ਮੈਡੀਸਨ, ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ, ਨਿਊਟ੍ਰੀਸ਼ੀਅਨ ਸੁਸਾਇਟੀ ਆਫ ਇੰਡੀਆ, ਐਸ.ਸੀ. ਰੌਏ. ਇੰਸਟੀਚਿਊਟ ਆਫ ਐਂਥਰੋਪੌਲੋਜੀ ਸਟੱਡੀਜ਼, ਆਲ ਇੰਡੀਆ ਮੈਡੀਕੋਜ਼ ਸੁਸਾਇਟੀ ਅਤੇ ਇੰਡੀਅਨ ਨੈਸ਼ਨਲ ਕਨਫਡਰੇਸ਼ਨ ਐਂਡ ਅਕੈਡਮੀ ਆਫ ਐਂਥਰੋਪੌਲੋਜਿਸਟਸ। ਡਾ.ਬਲਗੀਰ ਸਾਊਥ ਏਸ਼ੀਅਨ ਐਂਥਰੋਪੌਲੋਜਿਸਟ ਦੇ ਸੰਪਾਦਕੀ ਸਲਾਹਕਾਰ, ਦ ਐਂਥਰੋਪੌਲੋਜਿਸਟ, ਇੰਡੀਅਨ ਜਰਨਲ ਆਫ ਮਲਟੀਡਸਿਪਲਨਰੀ ਰਿਸਰਚ, ਇੰਟਰਨਲ ਜਰਨਲ ਆਫ ਬਾਇਓਲੋਜੀਕਲ ਐਂਥਰੋਪੌਲੋਜੀ, ਦ ਜਰਨਲ ਆਫ ਬਾਇਓਲੋਜੀ, ਅਤੇ ਕਰੰਟ ਮੈਡੀਕਲ ਟਰੈਂਡਜ਼ ਦੇ ਮੈਂਬਰ ਵੀ ਹਨ। ਉਹ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ 2006 ਤੋਂ 2012 ਤੱਕ ਹਿਊਮਨ ਜੈਨੇਟਿਕਸ ਵਿਸ਼ੇ ਦੀ ਬੋਰਡ ਆਫ ਸਟੱਡੀਜ਼ ਦੇ ਮੈਂਬਰ ਰਹੇ। ਇਸ ਸਮੇਂ ਉਹ ਆਕਸਫੋਰਡ ਯੂਨੀਵਰਸਿਟੀ ਦੇ “ ਮਲੇਰੀਆ ਐਟਲਸ ਪ੍ਰਾਜੈਕਟ” ਦੇ ਭਾਰਤੀ ਸਲਾਹਕਾਰ ਹਨ। ਉਹ ਸ਼੍ਰੀ ਵੈਨਕਟੇਸ਼ਵਰ ਯੂਨੀਵਰਸਿਟੀ ਤੀਰੂਪਤੀ ਦੇ ਐਂਥਰੋਪੌਲੋਜੀ ਵਿਭਾਗ ਦੇ ਵਿਜ਼ਟਿੰਗ ਫੈਲੋ ਵੀ ਹਨ।



ਭਾਰਤ ਸਰਕਾਰ ਨੇ ਡਾ.ਆਰ.ਐਸ.ਬਲਗੀਰ ਨੂੰ ਬਾਇਓਲੋਜੀਕਲ ਸਾਇੰਸਸ ਵਿੱਚ ਹਿਊਮਨ ਜੈਨੇਟਿਕਸ ਵਿਸ਼ੇਸ਼ ਕਰ ਕੇ ਹੇਮੋਗਲੋਬਿਨੋਪੈਥੀਜ਼, ਸਿਕਲੇ ਸੈਲ ਡਿਸਆਰਡਰਜ਼, ਥੈਲੇਸੀਮੀਆ, ਅਤੇ ਜੀ-6-ਪੀ.ਡੀ. ਡੈਫੇਸ਼ੈਸੀ ਇੰਨ ਇੰਡੀਆ ਖੇਤਰਾਂ ਵਿੱਚ ਉਨ੍ਹਾਂ ਦੀਆਂ ਬਹੁਮੁੱਲੀਆਂ ਵਿਗਿਆਨਕ ਖੋਜਾਂ ਲਈ ਅਨੇਕ ਇਨਾਮਾਂ, ਤਮਗਿਆਂ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਵੀ ਕੀਤਾ ਹੈ। ਇਨ੍ਹਾਂ ਪ੍ਰਤਿਸ਼ਤ ਸਨਮਾਨਾਂ ਵਿੱਚ ਡਾ. ਬੀ.ਸੀ. ਮਹਿਤਾ ਡਾਇਮੰਡ ਜੁਬਲੀ ਐਂਡਾਓਮੈਂਟ ਫੰਡ ਐਵਾਰਡ

1990,1993 ; ਆਈ.ਸੀ.ਐਮ.ਆਰ. ਪ੍ਰਾਈਜ਼ 1994 ; ਐਕਸੀਲੈਂਸ ਐਵਾਰਡ 1994 ; ਗੋਲਡ ਮੈਡਲ ਐਵਾਰਡ 1995 ; ਵਸਿਸ਼ਟ ਚਕਿਤਸਕ ਐਵਾਰਡ 1996 ; ਐਕਸੀਲੈਂਸ ਐਵਾਰਡ ਇੰਨ ਮੈਡੀਸਨ 1997 ; ਇੰਟਰਨੈਸ਼ਨਲ ਗੋਲਡ ਮੈਡਲ ਐਵਾਰਡ 1999 ; ਮਨੋਰਮਾ ਸਪਰੇ ਓਰੇਸ਼ਨ ਐਵਾਰਡ 2000 ; ਭਾਰਤ ਐਕਸੀਲੈਂਸ ਐਵਾਰਡ ਐਂਡ ਗੋਲਡ ਮੈਡਲ 2003 ; ਡਾ. ਜੇ.ਸੀ.ਪਟੇਲ ਅਤੇ ਬੀ.ਸੀ. ਮਹਿਤਾ ਬੈਸਟ ਪੇਪਰ ਐਵਾਰਡ 2006 ; ਨੈਸ਼ਨਲ ਬੀ.ਜੀ.ਆਰ.ਸੀ. ਸਿਲਵਰ ਜੁਬਲੀ ਓਰੇਸ਼ਨ ਐਵਾਰਡ 2006 ਅਤੇ ਡਾ. ਮਾਲਤੀ ਸਾਠੇ ਓਰੇਸ਼ਨ ਐਵਾਰਡ 2010 ਸ਼ਾਮਿਲ ਹਨ।

ਡਾ.ਬਲਗੀਰ ਨੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧ ਮੈਗਜ਼ੀਨਾਂ ਵਿੱਚ 225 ਤੋਂ ਵੱਧ ਖੋਜ ਲੇਖ ਲਿਖੇ ਹਨ। ਆਪ ਨੇ ਪੀ.ਐਚ.ਡੀ. ਕਰਨ ਵਾਲੇ ਦਰਜਨਾਂ ਹੀ ਵਿਦਿਆਰਥੀਆਂ ਦੇ ਗਾਈਡ ਦੇ ਤੌਰ 'ਤੇ ਕੰਮ ਕੀਤਾ ਹੈ ਅਤੇ ਕਈ ਯੂਨੀਵਰਸਿਟੀਆਂ ਵਿੱਚ ਜਾ ਕੇ ਖੋਜ ਵਿਦਿਆਰਥੀਆਂ ਦਾ ਵਾਇਵਾ ਲਿਆ ਹੈ। ਆਪ ਕਈ ਅੰਤਰਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੋਜ- ਪੱਤ੍ਰਕਾਵਾਂ ਦੇ ਐਕਸਪਰਟ ਰਿਵਿਊਰ ਰਹੇ ਹਨ। ਡਾ. ਬਲਗੀਰ ਨੇ ਕਈ ਵਿਸ਼ਵ ਪੱਧਰੀ ਕਾਨਫਰੰਸਾਂ, ਸੈਮੀਨਾਰਾਂ ਅਤੇ ਵਰਕਸ਼ਾਲਾਵਾਂ ਵਿੱਚ ਵਿਦਵਤਾ ਭਰਪੂਰ ਲੈਕਚਰ ਦਿੱਤੇ ਅਤੇ ਰਾਸ਼ਟਰ ਪੱਧਰੀ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ ਹੈ। ਖੋਜ ਕਾਰਜਾਂ ਸਬੰਧੀ ਆਪ ਬਹੁਤ ਵਾਰ ਅਸਟਰੇਲੀਆ ਅਤੇ ਯੂ.ਐਸ.ਏ. ਵੀ ਗਏ ਹਨ। ਡਾ.ਆਰ.ਐਸ.ਬਲਗੀਰ ਭਾਰਤ ਵਿੱਚ ਵਿਗਿਆਨ ਨੂੰ ਹਰਮਨਪਿਆਰਾ ਬਣਾਉਣ ਲਈ ਲੇਖ ਲਿਖਦੇ ਹਨ। ਇਸ ਤੋਂ ਇਲਾਵਾ ਆਪ ਦੇਸ਼ ਭਗਤੀ, ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ, ਦੇਸ਼ ਦੇ ਵਿਕਾਸ ਅਤੇ ਗਰੀਬ ਲੋਕਾਂ ਦੀ ਸਿਹਤ ਸੰਭਾਲ ਲਈ ਵੀ ਕਾਰਜ ਕਰਦੇ ਹਨ। ਉਹ ਵਿਹਲੇ ਸਮੇਂ ਗਾਰਡਨਿੰਗ, ਫੋਟੋਗ੍ਰਾਫੀ ਅਤੇ ਯਾਤਰਾਵਾਂ ਕਰਕੇ ਆਪਣੇ ਆਪ ਨੂੰ ਵਿਅਸਤ ਰਖਦੇ ਹਨ।

ਆਪ ਦਾ ਪੁੱਤਰ ਸ. ਰਾਣਾ ਸਿੰਘ ਹੈ ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਕਰ ਕੇ ਐਨ. ਟੀ. ਪੀ. ਸੀ. ਵਿੱਚ ਕੋਰਬਾਰ (ਛੱਤੀਸਗੜ੍ਹ) ਵਿਖੇ ਮੈਨੇਜਰ ਵਜੋਂ ਤਾਇਨਾਤ ਹੈ ਅਤੇ ਬੇਟੀ, ਗੁਰਪ੍ਰੀਤ ਕੌਰ ਕੰਪਿਊਟਰ ਸਾਇੰਸ ਦੀ ਡਿਗਰੀ ਕਰਕੇ ਟੀ.ਸੀ.ਐਸ. ਸਾਨ ਫਰਾਸਿਸਕੋ( ਯੂ.ਐਸ.ਏ.) ਵਿਖੇ ਨੌਕਰੀ ਕਰਦੀ ਹੈ। ਡਾ. ਰਨਬੀਰ ਸਿੰਘ ਰਿਟਾਇਰ ਹੋਣ ਉਪਰੰਤ ਹੁਣ ਖਰੜ( ਜ਼ਿਲ੍ਹਾ ਮੋਹਾਲੀ) ਵਿੱਚ ਰਹਿੰਦੇ ਹਨ। ਆਪ ਹੁਣੇ ਹੁਣੇ ਸੈਣੀ ਭਵਨ ਰੂਪਨਗਰ ਨਾਲ ਜੁੜੇ ਹਨ ਅਤੇ ਇਸ ਸੰਸਥਾ ਦੀਆਂ ਗਤੀਵਿਧੀਆਂ ਦੇ ਪ੍ਰਸ਼ੰਸਕ ਹਨ ਅਤੇ ਇਨ੍ਹਾਂ ਨੂੰ ਹੋਰ ਵਿਸ਼ਾਲ ਕਰਨ ਦੇ ਇੱਛੁਕ ਹਨ। ਸੈਣੀ ਬਰਾਦਰੀ ਨੂੰ ਆਪਣੇ ਇਸ ਵਿਸ਼ਵਪੱਧਰੀ ਵਿਗਿਆਨੀ 'ਤੇ ਅੰਤਾਂ ਦਾ ਮਾਣ ਹੈ।

* * * * *

## ਹਾਰਦਿਕ ਵਧਾਈ



- ਸੈਣੀ ਬਰਾਦਰੀ ਦੇ ਸ. ਹਰਦੀਪ ਸਿੰਘ ਬੁਟਰੇਲਾ ਅਕਾਲੀ ਦਲ ਚੰਡੀਗੜ੍ਹ ਦੇ ਪ੍ਰਧਾਨ ਬਣੇ ਹਨ। ਇਸ ਨਾਲ ਸੈਣੀ ਬਰਾਦਰੀ ਦਾ ਰਾਜਨੀਤੀ ਦੇ ਖੇਤਰ ਵਿੱਚ ਸਥਾਨ ਉੱਚਾ ਹੋਇਆ ਹੈ। ਸ. ਬੁਟਰੇਲਾ ਚੰਡੀਗੜ੍ਹ ਨਗਰ ਨਿਗਮ ਦੇ ਕੌਂਸਲਰ ਹਨ ਅਤੇ ਸਾਲ 2016 ਦੌਰਾਨ ਚੰਡੀਗੜ੍ਹ ਦੇ ਡਿਪਟੀ ਮੇਅਰ ਵੀ ਰਹਿ ਚੁੱਕੇ ਹਨ। ਉਹ ਬਹੁਤ ਮਿਹਨਤੀ ਅਤੇ ਅਗਾਂਹਵਧੂ ਹਨ ਜੋ ਲਗਾਤਾਰ ਦੋ ਵੇਰ ਚੰਡੀਗੜ੍ਹ ਦੇ ਕੌਂਸਲਰ ਚੁਣੇ ਗਏ ਹਨ। ਸੈਣੀ ਬਰਾਦਰੀ ਨੂੰ ਇਸ ਨੌਜਵਾਨ ਰਾਜਨੀਤਿਕ ਆਗੂ ਤੋਂ ਬਹੁਤ ਉਮੀਦਾਂ ਹਨ।



- ਜ਼ਿਲ੍ਹਾ ਰੂਪਨਗਰ ਵਿੱਚ ਪਿੰਡ ਅਬਿਆਣਾ ਦੇ ਸ. ਗੋਬਿੰਦਰ ਸਿੰਘ ਸੈਣੀ ਦੇ ਸਪੁੱਤਰ ਜਗਬੀਰ ਸਿੰਘ ਨੇ ਥਲ ਸੈਨਾ ਵਿੱਚ ਕਮਿਸ਼ਨ ਹਾਸਲ ਕਰਕੇ ਬਰਾਦਰੀ ਦਾ ਮਾਣ ਵਧਾਇਆ ਹੈ। ਇਹ ਨੌਜਵਾਨ ਇੰਜਨੀਅਰਿੰਗ ਦਾ ਗ੍ਰੈਜੂਏਟ ਹੈ। ਉਹ ਈ.ਐੱਮ.ਈ. ਵਿੱਚ ਲੈਫਟੀਨੈਂਟ ਨਿਯੁਕਤ ਹੋਇਆ ਹੈ। ਉਸਦਾ ਪਿਤਾ ਸੀ.ਆਈ.ਡੀ. ਵਿੱਚ ਤਾਇਨਾਤ ਹੈ।



- ਪੰਜਾਬ ਦੀ ਧੀ ਨਵਜੋਤ ਕੌਰ ਨੇ 3 ਮਾਰਚ 2018 ਨੂੰ ਕਿਰਗਿਸਤਾਨ ਦੇ ਸ਼ਹਿਰ ਬਿਸ਼ਕੇਕ ਵਿਖੇ ਆਯੋਜਿਤ ਹੋਈ ਏਸ਼ਿਆਈ ਕੁਸ਼ਤੀ ਚੈਂਪੀਅਨਸ਼ਿਪ ਵਿੱਚ 65 ਕਿਲੋਗ੍ਰਾਮ ਵਰਗ ਵਿੱਚ ਜਾਪਾਨ ਦੀ ਪਹਿਲਵਾਨ ਨੂੰ 9-1 ਅੰਕਾਂ ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਹੈ।ਉਹ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣ ਗਈ ਹੈ। ਨਵਜੋਤ ਕੌਰ ਨੇ 2013 ਦੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਅਤੇ 2014 ਦੀਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਕਾਂਸੀ ਦੇ ਤਮਗੇ ਹਾਸਲ ਕੀਤੇ ਸਨ। ਫਿਰ ਪਿੱਠ ਵਿੱਚ ਸੱਟ ਲੱਗਣ ਨਾਲ ਮਜ਼ਬੂਰੀ ਵਿੱਚ ਕੁਸ਼ਤੀ ਛੱਡ ਦਿੱਤੀ ਸੀ ਜਿਸ ਕਾਰਨ ਉਹ 2016 ਰੀਓ ਉਲੰਪਿਕ ਵਿੱਚ ਭਾਗ ਨਹੀਂ ਲੈ ਸਕੀ ਸੀ। ਨਵਜੋਤ ਕੌਰ ਪੰਜਾਬ ਦੇ ਸ਼ਹਿਰ ਤਰਨਤਾਰਨ ਨੇੜੇ ਪਿੰਡ ਬਾਗੜੀਆਂ ਦੇ ਕਿਸਾਨ ਸੁਖਚੈਨ ਸਿੰਘ ਅਤੇ ਮਾਤਾ ਗਿਆਨ ਕੌਰ ਦੀ ਧੀ ਹੈ। ਉਹ ਰੇਲਵੇ ਵਿੱਚ ਸੀਨੀਅਰ ਕਲਰਕ ਦੀ ਨੌਕਰੀ ਕਰਦੀ ਹੈ।

## ACTIVITIES & EVENTS OF SAINI BHAWAN (2017-18)

Balbir Singh Saini
Gen. Secy.



**$35^{th}$ Annual Saini Sammelan** was held on 08-04-2017. Sh. Angad Saini, a newly elected MLA, representing S.B.S.Nagar constituency, graced the function as Chief Guest. 20 distinguished personalities of Saini Bradri were honoured on this occasion. Chief Guest, Sh. Angad saini, released the $25^{th}$ issue of 'Saini Sansar' magazine. Resolutions, concerning the social, economic and political aspects of Bradri, were unanimously passed by the assembled members of the community.

**Religious Knowledge Test**: Managing Committee of our Trust, in association with Sh. Guru Amar Dass Sewa Society, conducted an examination on 05-06-2017 for 40 students of our institutions pertaining to religious knowledge gained by them. Students, clearing the examination successfully, were presented with certificates, mementos and cash awards.

**Fabric Painting Camp**: A skill development camp in fabric painting, from 06-06-2017 to 13-06-2017, for 52 students of our institutions, was organised at Saini Bhawan. Smt. Shashi Guleria, a teacher from Pidilite Co., conducted the workshop. Students were trained on various modes of fabric painting.

**VISITS**: a) A delegation from Saini Bhawan Ropar visited village **BAMBELI** to welcome & honour the Minister of National Defence Canada, S. Harjit Singh Sajjan. There was a huge gathering present on the occasion to welcome the distinguished guest, a Native of Bambeli.

b) A delegation from our Trust visited the residence of **great philanthropist**, Lt. Col. (Retd.) G. R. Saini to wish him 'Many Many Happy Returns of the Day' on his $100^{th}$ Birthday. The delegation members wished him pink of health and happiness.

c) A delegation from Saini Bhawan Ropar, on an invitation extended by **Ambala Circle Saini Sabha**, visited Saini High School Ambala City on 27-01-2018 to participate in the Silver Jubilee Celebrations. We conveyed our best wishes to Saini High School Ambala and all its stake holders on the occasion of the silver jubilee celebrations, for its continued success and glorious future.

**Departed Souls**: a) Chairman Saini Bhavan Ropar, **Sh. L.R.Mundra,** left for his heavenly abode on 05-06-2017. On the eve of 'Antim Ardas', Trustees, Members & prominent citizens of Rupnagar paid tributes to the memory of Sh. L. R. Mundra and lauded the services rendered by him for the wellbeing of society at large. $8^{th}$ Blood Donaton Camp was dedicated to the memory of the late Sh. L.R. Mundra. It was also resolved to rechristen the road, starting from Govt. College and passing through Haveli Kalan, in the memory of the late Sh. L. R. Mundra and also to build a gate across the stated road in his memory.

b) **S.Gurdas Singh**, a prominent member of Managing Committee, left for his heavenly abode on 10-07-2017. After his release from Army, he joined the Indian Railways and after retirement, he devoted his spare time towards social work. Managing Committee Members & Trustees observed 2 minutes silence in his memory.

c) **Sh. Satish Saini (Bela),** a long serving Trustee, left for his heavenly abode on 15-11-2017. He remained associated with the Education trust from the very beginning. He was a source of strength for both the Trusts. Trustees & Members observed 2 minutes silence in his memory.

**Blood Donation Camps**: $8^{th}$ Blood Donation Camp was held on 02-07-2017 and the $9^{th}$ Blood Donation Camp was organised on 07-01-2018. Rotary & Blood Bank Society Resource Centre, under the guidance of Dr. Munish Rai, collected the blood of 70 donors during the $8^{th}$ camp & again 70 donors during the $9^{th}$ camp. .

**Release of 'Saini Sansar'**: **$26^{th}$ issue** of 'Saini Sansar' magazine was jointly released by Brig.

Balwinder Singh, Sena Medal, & S. Sukhjinder Singh 'Sukha', Nambardar Paprala village on 02-07-2017. **27th issue** of 'Saini Sansar' was released by the D.C. Rupnagar, Mrs. Gurneet Tej, on 07-10-2017. **28th issue** of 'Saini Sansar' was released on 07-01-2018 by S. Rupinderjit Singh, Director RIMT Shekhupura (Rupnagar)

**Festival Celebration**:

a) Managing Committee of Saini Bhavan organised the festival of **TEEAN** on 28-07-2017. Mrs. Madhuri Saini, Principal St. Carmel, graced the function as Chief Guest whilst Smt. Sandeep Kaur, DSP, was welcomed as Guest of Honour. President Inner Wheel Club, Mrs. Minu Grover and members of the Club also participated in the festival. Girl students of our institutions and lady guests celebrated the festival with great fervour by singing and group dancing.

b) **LOHRI:** Festival of LOHRI was organised at Saini Bhawan on 13-01-2018. Trustees, Members, families, teachers & students participated and relished the taste of GHACHAK, REVRI & peanuts provided in abundance by the members and the teachers. Teachers & girl students celebrated the festival by singing and dancing around the campfire.

**Skill Competition**: Students of Tailoring & Embroidery School, Fashion Designing Centre and Beautician Art Centre participated in the 'Skill Competition' on 08-09-2017 in their respective trades. Students bagging the first & second positions were given the cash awards. Trust Secretary, S. Balbir Singh Saini, thanked the Judges, teachers and organisers for conducting the competition successfully.

**Declamation Contest:** Saini Charitable Education Trust (Regd.) Ropar organised the declamation contest at Saini Bhawan on 03-10-2017 in English as well as in Punjabi language. A number of schools & colleges participated in the stated contest. Secretary of the Trust, S. Balbir Singh Saini, briefed the Judges and the participating students about the rules governing the declamation contest. Students, bagging the first three positions in English as well as in Punjabi language declamation contest, were given cash awards and the individuals bagging the fourth/fifth positions were awarded with books.

**Disbursement of Scholarships**: Saini Charitable Education Trust (Regd.) Ropar disbursed Rs.513000/- to 107 brilliant and needy students on 07-10-2017. Mrs. Gurneet Tej, D.C. Rupnagar, graced the function as Chief Guest. She disbursed the scholarship amount to the selected students and also gave cash awards to the declamation contest winners. She lauded the efforts being put in by the Trust in the field of education. She also exhorted the scholarship recipients to help the needy when in a position to do so. Sant Baba Avtar Singh 'Head Darbar' extolled the selfless service being rendered by the Trustees, Members & the Donors to help the downtrodden and needy sections of society.

**L. R. Mundra Memorial Scholarship**: Saini Charitable Education Trust (Regd.) Ropar organised the L. R. Mundra Memorial Scholarship function at Saini Bhawan on 23-12-2017. Sh. Sukhpal Singh s/o S. Inderjit Singh, r/o vill. Khanpur. M. B. A. student of I. I. M. Ahmedabad, was selected by the Selection Committee for scholarship award of Rs.300000/- (Rs.3 lakh only) for the academic year (2017-18). Dr. R. S. Parmar presided over the function and the Honourable Speaker Punjab Vidhan Sabha, Rana K. P. Singh, graced the function as Chief Guest. Chief Guest lauded the services being rendered by the Trust in the sacred field of education. He also suggested to organise TUTORIALS for the All India Competitive Exams for which he promised to provide Govt. help. Rana K. P. Singh announced a grant of Rs.4 lakh for the construction of a GATE in the memory of the late Sh. L. R. Mundra.

**International Women Day**: International Women Day was organised at Saini Bhawan premises on 08-03-2018 with active participation of Nehru Yuva Kendra Rupnagar. Trustees & Members participated in the function along with their lady wives. S.D.M. Rupnagar, Mrs. Harjot Kaur, graced the

function as Chief Guest. Inner-wheel Club Office bearers & members were present in full strength. Dr. Jaswant Kaur acted as Stage Secretary. S.D.M. Rupnagar emphasised the importance of education and skill development for the girls to face the life in the years ahead.

**Financial Contribution/ Donations:** The undermentioned persons contributed towards our Trusts:

1. S. Baldev Singh, Mumbai – Rs.336000/-
2. S. Bhagwan Singh, Panchkula- Rs.72000/-
3. S. Tarlochan Singh, Canada- Rs.8000/-
4. Mrs. Gurjinder Kaur w/o Sh. Rajesh Chaudhry, Hushiarpur- Rs.25000/-
5. S. Tekpal Singh, Faridabad- Rs.10000/-
6. S. Gurmukh Singh Saini- Rs.10000/-
7. Smt. Ranjit Kaur, U.S.A.-Rs.21000/-
8. Er. Amrik Singh, Rupnagar - Rs.6000/-
9. Mrs. Madhuri Saini, Principal St. Carmel School- Rs.11000/-
10. Inner Wheel Club Rupnagar- Rs.4200/-,
11. Mrs. Harinder Kaur, Rupnagar- Rs.5100/-
12. Brig. Balwinder Singh, Chd. - Rs.21000/-
13. Numberdar Sukhjinder Singh Paprala- Rs.11000/-
14. Manager YES Bank Rupnagar Rs.5000/-
15. Smt. Tajinder Kaur Saini Ropar. Rs.2100/-
16. Smt. Kaushalya Devi Ropar - Rs.3000/-
17. S. Satwinder Singh Canada- Rs.5100/-

## ਪ੍ਰਸ਼ੰਸਾ

ਰੋਟਰੀ ਕਲੱਬ ਚੰਡੀਗੜ੍ਹ ਵਲੋਂ ਸੈਣੀ ਭਵਨ ਰੂਪਨਗਰ ਨੂੰ ਪ੍ਰਦਾਨ ਕੀਤਾ ਪ੍ਰਸ਼ੰਸਾ-ਪੱਤਰ ਜੋ ਸਨਮਾਨ ਸਮਾਰੋਹ ਸਮੇਂ ਇਸ ਸਮਾਜਸੇਵੀ ਸੰਸਥਾ ਦੇ ਨੁਮਾਂਇੰਦੇ, ਖ਼ੂਨਦਾਨੀ ਦਲਜੀਤ ਸਿੰਘ ਨੇ ਪ੍ਰਾਪਤ ਕੀਤਾ।




## ਵਿਕਾਸ, ਅਮੀਰਾਂ ਦੇ ਭਾਰਤ ਦਾ

ਵਿਸ਼ਾਲ ਭਾਰਤ ਦੇਸ਼ ਵਿੱਚ ਦੋ ਛੋਟੇ ਭਾਰਤ ਦੇਸ਼ ਵਸਦੇ ਹਨ। ਇੱਕ ਅਮੀਰਾਂ ਦਾ ਤੇ ਦੂਜਾ ਗਰੀਬਾਂ ਦਾ। ਅਮੀਰਾਂ ਦਾ ਦੇਸ਼ ਅਤਿ ਛੋਟਾ ਹੈ ਜਿਸ ਵਿੱਚ ਕੇਵਲ 1% ਲੋਕ ਵਸਦੇ ਹਨ ਜਦੋਂ ਕਿ ਗਰੀਬਾਂ ਦਾ ਦੇਸ਼ 99% ਵਸੋਂ ਵਾਲਾ ਬਹੁਤ ਵੱਡਾ ਹੈ। ਇੱਥੇ ਵਿਸ਼ੇਸ਼ ਗੱਲ ਇਹ ਹੈ ਕਿ ਗਰੀਬ ਕੰਮ ਕਰ ਕੇ ਵਸਤਾਂ ਤਿਆਰ ਕਰਦੇ ਹਨ ਪਰ ਅਮੀਰ ਇਸ ਨੂੰ ਵੇਚ ਕੇ ਪੈਸਾ ਕਮਾਉਂਦੇ ਹਨ।ਭਾਵ ਕਿ ਭਾਰਤ ਦੇ 129 ਕਰੋੜ ਦੇ ਕਰੀਬ ਕੰਮ ਕਰਦੇ ਹਨ ਅਤੇ 1 ਕਰੋੜ ਤੋਂ ਥੋੜ੍ਹਾ ਵੱਧ ਲੋਕ ਇਨ੍ਹਾਂ ਦੀ ਕਮਾਈ ਨੂੰ ਸੰਭਾਲਦੇ ਹਨ। ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਕੰਮ ਕਰਨ ਵਾਲੇ ਨੂੰ ਪੈਸਾ ਸੰਭਾਲਣਾ ਨਹੀਂ ਆਉਂਦਾ। ਇਹ ਹੀ ਕਾਰਨ ਹੈ ਕਿ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਵਿਸ਼ਵ ਦੇ ਆਰਥਿਕ ਅਦਾਰੇ ਓਕਸਫੈਮ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਅਮੀਰ ਭਾਰਤ ਪਾਸ ਦੇਸ਼ ਦੀ 73% ਪੂੰਜੀ ਜਮ੍ਹਾ ਹੈ ਅਤੇ ਹਰ ਸਾਲ ਇਸ ਵਿੱਚ ਵਾਧਾ ਹੋ ਰਿਹਾ ਹੈ। ਇਸ ਰਿਪੋਰਟ ਅਨੁਸਾਰ ਪਿਛਲੇ ਇੱਕ ਸਾਲ ਦੌਰਾਨ ਭਾਰਤ ਦੇ ਅਰਬਪਤੀਆਂ ਦੀ ਸੂਚੀ ਵਿੱਚ 17 ਨਵੇਂ ਨਾਮ ਜੁੜ ਕੇ ਕੁੱਲ ਗਿਣਤੀ 101 ਹੋ ਗਈ ਹੈ। ਦੂਜੇ ਪਾਸੇ 67 ਕਰੋੜ ਤੋਂ ਕੁੱਝ ਵੱਧ ਲੋਕਾਂ ਦੀ ਪੂੰਜੀ ਵਿੱਚ ਮਹਿਜ 1% ਦਾ ਵਾਧਾ ਹੋਇਆ ਹੈ। ਵਿਸ਼ਵ ਆਰਥਿਕ ਮੰਚ ਦੀ ਰਿਪੋਰਟ ਅਨੁਸਾਰ ਧਨ ਦੀ ਕਾਣੀ ਵੰਡ ਨੂੰ ਦਰਸਾਉਂਦੇ " ਸਰਬਵਿਆਪੀ ਵਿਕਾਸ ਸੂਚਕ ਅੰਕ" ਵਿੱਚ ਭਾਰਤ ਸੰਸਾਰ ਵਿੱਚ 64 ਵੇਂ ਸਥਾਨ 'ਤੇ ਹੈ। ਇਸ ਦਾ ਭਾਵ ਹੈ ਕਿ ਆਰਥਿਕ ਖੁਸ਼ਹਾਲੀ ਕੇਵਲ 1% ਲੋਕਾਂ ਤੱਕ ਮਹਿਦੂਦ ਹੁੰਦੀ ਜਾ ਰਹੀ ਹੈ ਜੋ ਹੋਰ ਦੌਲਤ ਹਥਿਆਉਣ ਲਈ ਹਰ ਹਥਕੰਡਾ ਵਰਤ ਰਹੇ ਹਨ। ਇਸ ਤੋਂ ਇਲਾਵਾ ਆਧੁਨਿਕ ਸਿੱਖਿਆ, ਮਿਆਰੀ ਸਿਹਤਸੰਭਾਲ ਅਤੇ ਰੁਜ਼ਗਾਰ ਦੇ ਸਾਧਨ ਵੀ ਇਸ ਸ਼੍ਰੇਣੀ ਤੱਕ ਮਹਿਦੂਦ ਹੁੰਦੇ ਜਾ ਰਹੇ ਹਨ। ਇਸ ਲਈ ਵਿਕਾਸ ਤਾਂ ਹੋ ਰਿਹਾ ਹੈ ਪਰ ਬਹੁਤ ਛੋਟੇ ਅਮੀਰ ਭਾਰਤ ਦਾ।

ਓਕਸਫੈਮ ਇੰਡੀਆ ਦੀ ਸੀ.ਈ.ਓ. ਨਿਸ਼ਾ ਅਗਰਵਾਲ ਅਨੁਸਾਰ ਵਿਕਾਸ ਦਾ ਲਾਹਾ ਕੁੱਝ ਮੁੱਠੀਭਰ ਹੱਥਾਂ ਵਿੱਚ ਜਾਣਾ ਚਿੰਤਾਜਨਕ ਹੈ। ਇਹ ਸੰਪੰਨ ਅਰਥਚਾਰੇ ਦਾ ਨਹੀਂ ਬਲਕਿ ਆਰਥਿਕ ਪ੍ਰਬੰਧ ਦੇ ਢਹਿੰਦੀਆਂ ਕਲਾ ਵੱਲ ਜਾਣ ਦਾ ਸੰਕੇਤ ਹੈ। " ਰਿਵਾਰਡ ਵਰਕ, ਨਾਟ ਵੈਲਥ" ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮਿਹਨਤ ਕਰਨ ਵਾਲੇ ਲੋਕਾਂ ਕੋਲ ਆਪਣੇ ਬੱਚਿਆਂ ਦੀ ਸਿੱਖਿਆ, ਦਵਾਦਾਰੂ ਤੇ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਜੋਗੇ ਵੀ ਪੈਸੇ ਨਹੀਂ ਹਨ। ਅਮੀਰ ਤੇ ਗਰੀਬ ਦਾ ਇਹ ਪਾੜਾ ਜਿੱਥੇ ਵਧਦੇ ਭ੍ਰਿਸ਼ਟਾਚਾਰ ਦਾ ਪ੍ਰਤੀਕ ਹੈ ਉੱਥੇ ਲੋਕਤੰਤਰ ਲਈ ਵੀ ਖਤਰੇ ਦੀ ਘੰਟੀ ਹੈ। ਜੇ ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਠੋਸ ਉਪਰਾਲੇ ਨਾ ਆਰੰਭੇ ਗਏ ਤਾਂ ਵਿਸ਼ਾਲ ਭਾਰਤ ਨੂੰ ਅਮੀਰ ਭਾਰਤ ਤੇ ਗਰੀਬ ਭਾਰਤ ਵਿੱਚ ਵੰਡੇ ਜਾਣ ਦਾ ਖਤਰਾ ਹੈ।



# ਇਤਿਹਾਸਕ ਗੁਰੂ-ਸਥਾਨਾਂ ਦੀ ਖੋਜ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਇਤਿਹਾਸਕ ਸਥਾਨਾਂ ਦੀਆਂ ਪੁਰਾਣੀਆਂ ਯਾਦਗਾਰੀ ਨਿਸ਼ਾਨੀਆਂ ਨੂੰ ਮਲੀਆਮੇਟ ਕਰ ਕੇ ਉੱਥੇ ਆਧੁਨਿਕ ਕਿਸਮ ਦੀਆਂ ਸੰਗਮਰਮਰੀ ਇਮਾਰਤਾਂ ਬਣਾਉਣੀਆਂ ਤਾਂ ਪੈਸੇ ਦੀ ਖੇਡ ਹੈ ਪਰ ਭੂਤਕਾਲ ਦੇ ਘੁੱਪ ਹਨੇਰੇ ਵਿੱਚ ਲੱਤਾਂ ਮਾਰ ਕੇ ਅਣਗੌਲੇ ਤੇ ਭੁੱਲੇ ਵਿਸਰੇ ਇਤਿਹਾਸਕ ਥਾਵਾਂ ਦੀ ਖੋਜ ਕਰਨੀ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ। ਅਜਿਹਾ ਵਿਅਕਤੀ ਕੋਈ ਅਤਿ ਦਾ ਨਿਸ਼ਠਾਵਾਨ , ਸਿਰੜੀ ਜਾਂ ਸ਼ਰਧਾਵਾਨ ਹੀ ਹੋ ਸਕਦਾ ਹੈ। ਫਗਵਾੜਾ-ਜਲੰਧਰ ਸ਼ਾਹ ਰਾਹ 'ਤੇ ਸਥਿਤ ਪਿੰਡ ਖਜੂਰਲਾ ਦੇ ਸ. ਸੁਰਿੰਦਰ ਸਿੰਘ ਖਾਲਸਾ ਨੇ ਆਪਣੀ ਸੱਤ ਸਾਲਾਂ (2007-2016) ਦੀ ਅਣਥੱਕ ਮੁਸ਼ੱਕਤ ਨਾਲ ਗੁਰੂ-ਘਰ, ਰੂਪਨਗਰ ਅਤੇ ਸੈਣੀ ਬਰਾਦਰੀ ਦੇ ਇਤਿਹਾਸ ਨਾਲ ਸਬੰਧਿਤ, ਬਹੁਤ ਹੀ ਮਹੱਤਵਪੂਰਨ ਸਥਾਨਾਂ ਦੀ ਖੋਜ ਕੀਤੀ ਹੈ। ਇਸ ਬਹੁਮੁੱਲੇ ਇਤਿਹਾਸ ਨੂੰ ਖਾਲਸਾ ਜੀ ਨੇ ਦੋ ਪੁਸਤਕਾਂ- **'ਪੋਹ ਦੀਆਂ ਰਾਤਾਂ'** ਅਤੇ **'ਇਤਿਹਾਸ ਬੋਲਦਾ ਹੈ'** ਵਿੱਚ ਦਰਜ ਕੀਤਾ ਹੈ। ਇਨ੍ਹਾਂ ਪੁਸਤਕਾਂ ਵਿੱਚ ਉਨ੍ਹਾਂ ਸਥਾਨਾਂ ਦਾ ਵੇਰਵਾ ਹੈ ਜਿੱਥੇ ਜਿੱਥੇ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਗੁਰੂ-ਪਰਿਵਾਰ ਠਹਿਰਿਆ ਸੀ। ਇਸ ਖੋਜੀ ਗੁਰੂ-ਪ੍ਰੇਮੀ ਨੇ ਕੁੱਝ ਅਜਿਹੇ ਸਥਾਨਾਂ ਦਾ ਵੀ ਪਤਾ ਲਗਾਇਆ ਹੈ ਜਿਨ੍ਹਾਂ ਬਾਰੇ ਨਾ ਇਤਿਹਾਸਕ ਗੁਰੂ-ਘਰਾਂ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਅਤੇ ਨਾ ਹੀ ਰੂਪਨਗਰ ਦੇ ਸਥਾਨਿਕ ਵਿਦਵਾਨ ਸੱਜਣਾਂ ਨੂੰ ਕੋਈ ਗਿਆਨ ਸੀ। ਇਨ੍ਹਾਂ ਸਥਾਨਾਂ ਵਿੱਚ ਦੋ ਸਥਾਨ- **'ਗੁਰੂ ਕੇ ਮਹਿਲ' ਮੁਹੱਲਾ ਉੱਚਾ ਖੇੜਾ, ਰੂਪਨਗਰ ਸ਼ਹਿਰ** ਅਤੇ **'ਛੰਨ ਬਾਬਾ ਕੁੰਮਾ ਮਾਸ਼ਕੀ' ਪਿੰਡ ਚੱਕ ਢੇਰਾ, ਜ਼ਿਲ੍ਹਾ ਰੂਪਨਗਰ** ਵਰਣਨਯੋਗ ਹਨ। ਅਦਾਰਾ 'ਸੈਣੀ ਸੰਸਾਰ' ਨੇ ਆਪਣੇ ਪਾਠਕਾਂ ਨੂੰ ਇਨ੍ਹਾਂ ਦੋਵੇਂ ਪਵਿੱਤਰ ਸਥਾਨਾਂ ਦੀ ਵਿਸਤ੍ਰਿਤ ਜਾਣਕਾਰੀ ਦੇਣੀ ਜ਼ਰੂਰੀ ਸਮਝੀ ਹੈ।

## ਗੁਰੂਦੁਆਰਾ ਗੁਰੂ ਕੇ ਮਹਿਲ, ਉੱਚਾ ਖੇੜਾ ਰੂਪਨਗਰ-

ਰੋਪੜ ਸ਼ਹਿਰ ਨੂੰ ਰਾਜਾ ਰੂਪਚੰਦ ਰਾਜਪੂਤ ਨੇ ਵਸਾਇਆ ਸੀ। (ਸ. ਗੁਰਿੰਦਰ ਸਿੰਘ ਪ੍ਰੀਤ ਦੁਆਰਾ ਲਿਖਤ ਪੁਸਤਕ,'ਰੂਪਨਗਰ' ਵਿੱਚ ਇਹ ਸ਼ਹਿਰ 11ਵੀਂ ਸਦੀ ਵਿੱਚ ਰਾਜਾ ਰੁਕੇਸ਼ਵਰ ਵਲੋਂ ਵਸਾਇਆ ਅਤੇ ਇਸ ਦਾ ਨਾ ਆਪਣੇ ਪੁੱਤਰ ਰੁਪਸੈਨ ਦੇ ਨਾ 'ਤੇ ਰੱਖਿਆ ਲਿਖਿਆ ਗਿਆ ਹੈ।) ਇਸ ਸ਼ਹਿਰ ਦਾ ਇੱਕ ਮੁਹੱਲਾ ਉੱਚਾ ਖੇੜਾ ਹੈ ਜੋ ਸ਼ਹਿਰ ਦੀ ਸਦੀਆਂ ਪੁਰਾਣੀ ਵਸੋਂ ਵਾਲੀ ਉੱਚੀ ਥਾਂ'ਤੇ ਵਸਿਆ ਹੋਇਆ ਹੈ। ਇਸ ਮੁਹੱਲੇ ਦੇ ਨਾਲ ਹੀ ਪੱਛਮ ਦਿਸ਼ਾ ਵੱਲ ਪ੍ਰਾਚੀਨ ਸਥੱਲ (ਥੇਹ) ਸ਼ਹਿਰ ਦੀ ਸਭ ਤੋਂ ਉੱਚੀ ਅਤੇ ਪੁਰਾਤਨ ਥਾਂ 'ਤੇ ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਸਮੋਈ ਬੈਠਾ ਹੈ। ਉੱਚਾ ਖੇੜਾ ਮੁਹੱਲਾ ਵੀ ਇਸ ਥੇਹ ਦਾ ਹੀ ਹਿੱਸਾ ਹੈ। ਇਸ ਮੁਹੱਲੇ ਵਿੱਚ ਸਿੱਖ ਧਰਮ ਦੀਆਂ ਕਈ ਮਹਾਨ ਸਖ਼ਸ਼ੀਅਤਾਂ ਨੇ ਚਰਨ ਪਾਏ ਹਨ।



ਸੱਤਵੇਂ ਪਾਤਸ਼ਾਹ ਜੀ ਦੇ ਵੱਡੇ ਸਪੁੱਤਰ ਬਾਬਾ ਰਾਮਰਾਇ ਜੀ ਕੀਰਤਪੁਰ ਸਾਹਿਬ ਤੋਂ ਦਿੱਲੀ ਨੂੰ ਜਾਂਦੇ ਹੋਏ ਇੱਥੇ ਵਸਦੇ ਰਾਮ ਸ਼ਰਣ ਖੱਤਰੀ ਦੇ ਘਰ ਠਹਿਰੇ ਸਨ। ਬਾਬਾ ਰਾਮਰਾਇ ਜੀ ਨਾਲ ਉਸ ਵੇਲੇ ਭਾਈ ਗੁਰਦਾਸ ਤੇ ਭਾਈ ਤਾਰਾ ਸਕੇ ਭਰਾ, ਭਾਈ ਪੰਜਾਬ ਸਿੰਘ ਖੁਡਾਣੀ, ਭਾਈ ਖੁਸ਼ਹਾਲੀ, ਭਾਈ ਬਹਿਲੋ ਵਰਗੇ ਮਹਾਨ ਗੁਰਸਿੱਖਾਂ ਸਮੇਤ ਸਾਰਿਆਂ ਦੀ ਗਿਣਤੀ ਪੰਜਾਹ ਕੁ ਦੇ ਕਰੀਬ ਸੀ ਤੇ ਇਨ੍ਹਾਂ ਵਿੱਚੋਂ ਪੱਚੀ ਸਿੱਖ ਘੋੜਸਵਾਰ ਤੇ ਬਾਕੀ ਪੈਦਲ ਸਨ। 'ਗੁਰੁ ਕੀਆਂ ਸਾਖੀਆਂ' ਮੁਤਾਬਿਕ ਬਾਬਾ ਰਾਮਰਾਇ ਜੀ ਕੀਰਤਪੁਰ ਸਾਹਿਬ ਤੋਂ ਚੜ੍ਹਦੇ ਜੇਠ 1717 ਬਿਕਰਮੀ ਨੂੰ ਚੱਲੇ ਸੀ ਪਰ 'ਗੁਰੁ ਤਵਾਰੀਖ ਖਾਲਸਾ' ਅਨੁਸਾਰ ਵੈਸਾਖ 1715 ਬਿੱਕਰਮੀ ਨੂੰ। ਨੌਂਵੇਂ ਪਾਤਸ਼ਾਹ ਗੁਰੁ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਦਿੱਲੀ ਨੂੰ ਜਾਂਦੇ ਹੋਏ ਜੁਲਾਈ 1675 ਈ.ਨੂੰ ਉੱਚਾ ਖੇੜਾ ਮੁਹੱਲੇ 'ਚ ਓਸੇ ਰਾਮ ਸ਼ਰਣ ਖੱਤਰੀ ਦੇ ਘਰ ਬਿਰਾਜੇ ਸਨ ਜਿੱਥੇ ਪਹਿਲਾਂ ਬਾਬਾ ਰਾਮਰਾਇ ਜੀ ਠਹਿਰੇ ਸਨ। ਉਨ੍ਹਾਂ ਨਾਲ ਇਸ ਸਮੇਂ ਪੰਜ ਸਿੱਖ- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਵੀ ਮੌਜੂਦ ਸਨ। ਇਸ ਮੁਹੱਲੇ ਵਿੱਚ ਬਾਬਾ ਰਾਮਰਾਇ ਜੀ ਅਤੇ ਗੁਰੁ ਤੇਗ ਬਹਾਦਰ ਜੀ ਦੇ ਠਹਿਰਨ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਨੇ 'ਗੁਰਧਾਮ ਸੰਗ੍ਰਹਿ' ਵਿੱਚ ਨੌਂਵੇਂ ਪਾਤਸ਼ਾਹ ਜੀ ਦੀਆਂ ਚਰਨ ਛੋਹ ਥਾਵਾਂ ਬਾਬਤ ਲਿਖਦਿਆਂ ਅੱਖਰੀ ਗਵਾਹੀ ਇਹ ਲਿਖੀ ਹੈ।

" ਰੋਪੜ ਕਸਬੇ ਖੇੜੇ ਮਹਿਲ (ਉੱਚਾ ਖੇੜਾ) ਵਿੱਚ ਜਿੱਥੇ ਰਾਮਰਾਇ ਜੀ ਦਿੱਲੀ ਨੂੰ ਜਾਂਦੇ ਹੋਏ ਉੱਤਰੇ ਸਨ ਓਸੇ ਸੱਜਨ ਰਾਮ ਸਰਣ ਖਤ੍ਰੀ ਦੇ ਘਰ ਉਤ੍ਰੇ......."

ਗੁਰੁ ਕਾਲ ਸਮੇਂ ਇਸ ਮੁਹੱਲੇ ਵਿੱਚ ਗੁਰੁ ਘਰ ਨੂੰ ਮੰਨਣ-ਪੂਜਣ ਵਾਲੇ ਸਿੱਖ-ਸੇਵਕ ਬਹੁਤ ਸਨ। ਗੁਰੁ ਪਰਿਵਾਰ 'ਤੇ ਪਈ ਭੀੜ ਵੇਲੇ ਮਾਤਾਵਾਂ ( ਸੁੰਦਰ ਕੌਰ ਜੀ, ਸਾਹਿਬ ਕੌਰ ਜੀ) ਲਈ ਰੋਪੜ ਸ਼ਹਿਰ 'ਚ ਸਭ ਤੋਂ ਸਹੀ ਤੇ ਸੁਰੱਖਿਅਤ

ਟਿਕਾਣਾ ਉਸ ਵਕਤ ਉੱਚਾ ਖੇੜਾ ਮੁਹੱਲਾ ਹੀ ਸੀ। ਅਤਿ ਬਿਪਤਾ ਦੇ ਸਮੇਂ ਭਾਈ ਜਵਾਹਰ ਸਿੰਘ ਮਾਤਾਵਾਂ ਨੂੰ ਇੱਥੇ ਸਹੀ -ਸਲਾਮਤ ਆਪਣੇ ਰਿਸ਼ਤੇਦਾਰਾਂ ਦੇ ਘਰ ਲਿਆਉਣ 'ਚ ਸਫ਼ਲ ਹੋਇਆ ਸੀ। ਉਸ ਦੇ ਰਿਸ਼ਤੇਦਾਰ ਏਸੇ ਉੱਚਾ ਖੇੜਾ ਮੁਹੱਲਾ ਵਿੱਚ ਵਸਦੇ ਸਨ।ਚਮਕੌਰ ਦੀ ਜੰਗ ਵਿੱਚੋਂ ਜ਼ਖ਼ਮੀ ਹਾਲਾਤਾਂ 'ਚ ਬਚ ਕੇ ਨਿਕਲ ਆਉਣ ਵਾਲਾ ਪਾਲਿਤ ਪੁੱਤਰ ਜੋਰਾਵਰ ਸਿੰਘ ਵੀ ਕਈ ਥਾਵਾਂ 'ਤੇ ਦਸਮੇਸ਼ ਜੀ ਨੂੰ ਢੂੰਡਦਾ ਹੋਇਆ ਕੁੱਝ ਸਮਾਂ ਏਸੇ ਹੀ ਮੁਹੱਲੇ 'ਚ ਆਣ ਠਹਿਰਿਆ ਸੀ। ਸਰਸਾ ਨਦੀ ਦੇ ਕਿਨਾਰੇ ਤੋਂ ਵਿੱਛੜ ਕੇ 7 ਪੋਹ ( 21 ਦਸੰਬਰ) 1704 ਈ. ਦੀ ਇੱਕ ਰਾਤ ਖਾਲਸੇ ਦੀਆਂ ਮਾਤਾਵਾਂ ਨੇ ਇਸ ਅਸਥਾਨ 'ਤੇ ਬਤੀਤ ਕੀਤੀ ਸੀ। ਉਸ ਵੇਲੇ ਭਾਈ ਮਨੀ ਸਿੰਘ, ਭਾਈ ਜਵਾਹਰ ਸਿੰਘ ਅਰੋੜਾ, ਭਾਈ ਧੰਨਾ ਸਿੰਘ ਅਤੇ ਦੋ ਦਾਸੀਆਂ ਬੀਬੀ ਭਾਗੋ ਤੇ ਬੀਬੀ ਬੀਬੋ ਵੀ ਮਾਤਾਵਾਂ ਦੇ ਨਾਲ ਸਨ। ਬਹੁਤ ਹੀ ਲੁਕਵੇਂ ਢੰਗ ਨਾਲ ਇੱਕ ਇੱਥੇ ਬਤੀਤ ਕਰ ਕੇ ਅਗਲੇ ਦਿਨ ਸਵੇਰ ਚੜ੍ਹ ਤੋਂ ਪਹਿਲਾਂ ਮੂੰਹ ਹਨੇਰੇ ਹੀ ਪੂਰਾ ਜਥਾ ਇੱਕ ਬੈਲ ਗੱਡੀ ਤੇ ਸਵਾਰ ਹੋ ਕੇ ਅਗਲੇ ਸਫ਼ਰ ਲਈ ਚੱਲ ਪਿਆ। ਇਨ੍ਹਾਂ ਸਭਨਾ ਨੇ ਸਥਾਨਕ ਮੁਸਲਮਾਨਾਂ ਵਰਗੇ ਮਰਦਾਵੇਂ ਪਹਿਰਾਵੇ ਪਹਿਨ ਕੇ ਭੇਸ ਵਟਾਇਆ ਹੋਇਆ ਸੀ। ਇੱਥੋਂ ਇਹ ਗੁਪਤ ਜਥਾ ਪੁਰਾਣੀ ਦਿੱਲੀ ਦੇ ਮੁਹੱਲਾ ਦਿਲਵਾਲੀ ਸਿੰਘਾਂ 'ਚ ਭਾਈ ਜਵਾਹਰ ਸਿੰਘ ਅਰੋੜਾ ਦੀ ਹਵੇਲੀ 'ਚ ਜਾ ਠਹਿਰਿਆ।

ਹੁਣ ਸਿੱਖ ਸੰਗਤਾਂ ਨੇ ਇਸ ਇਤਿਹਾਸਕ ਘਰ ਨੂੰ ਬਣਦੀ ਭੇਟਾ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ ਲਿਖਤ ਕਰਵਾ ਲਿਆ ਹੈ। ਘਰ ਦੀ ਉੱਪਰਲੀ ਮੰਜ਼ਿਲ 'ਤੇ ਫਰਵਰੀ 2017 ਵਿੱਚ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਇਸ ਨੂੰ ਇਤਿਹਾਸਕ ਯਾਦਗਾਰ ਬਣਾ ਦਿੱਤਾ ਗਿਆ ਹੈ।

## ਗੁਰੂਦੁਆਰਾ ਛੰਨ ਬਾਬਾ ਕੁੰਮਾ ਮਾਸ਼ਕੀ–

ਦਸਮ ਪਿਤਾ ਨੇ 20 ਦਸੰਬਰ, 1704 ਈ. ਨੂੰ ਆਨੰਦਪੁਰ ਸਾਹਿਬ ਕਿਲ੍ਹਾ ਛੱਡ ਕੇ ਪਰਿਵਾਰ ਵਿਛੋੜਾ ਸਥਾਨ 'ਤੇ ਪੁੱਜੇ ਤਾਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦੇ ਹਮਲੇ ਕਾਰਨ ਸਭ ਪਾਸੇ ਹਫੜਾ-ਦਫੜੀ ਮਚ ਗਈ।ਕਿਸੇ ਨੂੰ ਕੁੱਝ ਨਾ ਸੁੱਝਿਆ, ਜਿੱਧਰ ਵੀ ਰਾਹ ਮਿਲਿਆ ਉੱਧਰ ਹੀ ਜਾਣ ਦੀ ਸੋਚੀ। ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਕਲਗੀਧਰ ਪਾਤਸ਼ਾਹ ਜੀ ਕੁੱਝ ਸਿੰਘਾਂ ਤੇ ਵੱਡੇ ਦੋਵੇਂ ਸਾਹਿਬਜ਼ਾਦਿਆਂ ਸਮੇਤ 21 ਦਸੰਬਰ ਦੀ ਸ਼ਾਮ ਤੱਕ ਚਮਕੌਰ ਦੀ ਗੜ੍ਹੀ ਵਿੱਚ ਜਾ ਪੁੱਜੇ। ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਜੀ ਕੁੱਝ ਸੇਵਕਾਂ ਨਾਲ ਰੋਪੜ ਪੁੱਜ ਗਏ ਅਤੇ ਦਾਦੀ ਮਾਂ ਗੁਜਰ ਕੌਰ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਪਰਿਵਾਰ ਨਾਲੋਂ ਵਿੱਛੜ ਕੇ ਸਰਸਾ ਨਦੀ



ਕਿਨਾਰੇ ਜਿੱਧਰ ਨੂੰ ਪਾਣੀ ਦਾ ਵਹਾ ਜਾਂਦਾ ਸੀ ਨਾਲ -ਨਾਲ ਹੋ ਤੁਰੇ। ਏਸੇ ਤਰ੍ਹਾਂ ਝੱਲ-ਝਾੜੀਆਂ ਵਿੱਚਦੀ ਲੰਘਦਿਆਂ ਅੱਗੇ ਦਰਿਆ ਆ ਗਿਆ।ਏਥੇ ਆ ਕੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਪੈਂਦੀ ਹੈ।ਇਸ ਕਿਨਾਰੇ ਮਾਤਾ ਜੀ ਨੇ ਇੱਕ ਝੌਂਪੜੀ ਦੇਖੀ। ਸੂਰਜ ਮਿਟ ਗਿਆ ਸੀ ਤੇ ਘੁੱਪ ਹਨੇਰਾ ਪਸਰ ਰਿਹਾ ਸੀ।ਠਰੀ ਹੋਈ ਰਾਤ ਤੋਂ ਬਚਣ ਲਈ ਠਾਹਰ ਦੀ ਲੋੜ ਸੀ। ਮਾਤਾ ਜੀ ਨੰਨ੍ਹੀਆਂ ਜਿੰਦਾਂ ਨੂੰ ਨਾਲ ਲੈ ਕੇ ਝੌਂਪੜੀ ਵਿੱਚ ਚਲੇ ਗਏ। ਇਸ ਝੌਂਪੜੀ ਵਿੱਚ ਕਰੀਮ ਬਖ਼ਸ਼ ਮਾਛੀ ਜਿਸ ਨੂੰ ਗੁਰੂ ਕੀਆਂ ਸਾਖੀਆਂ ਵਿੱਚ ਕੁੰਮਾਂ ਮਾਛੀ ਵੀ ਕਿਹਾ ਗਿਆ ਹੈ, ਰਹਿੰਦਾ ਸੀ।ਮਾਛੀ ਤੋਂ ਭਾਵ ਬੇੜੀ ਚਲਾਉਣ ਵਾਲਾ ਮਲਾਹ। ਇਸ ਦਾ ਅਸਲ ਨਾਂ ਕਰਮੂ ਸੀ ਪਰ ਜ਼ਬਰਦਸਤੀ ਮੁਸਲਮਾਨ ਬਣਾ ਕੇ ਕਰੀਮ ਬਖ਼ਸ਼ ਨਾ ਰੱਖ ਦਿੱਤਾ ਸੀ। ਕੁੰਮੇ ਨੇ ਜੋ ਵੀ ਉਹਦੇ ਕੋਲ ਭਾਰਾ ਕੱਪੜਾ ਸੀ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਦੇ ਦਿੱਤਾ ਤੇ ਨੇੜੇ ਦੇ ਨਗਰ ਤੋਂ ਮਾਈ ਲੱਛਮੀ ਨਾਂ ਦੀ ਬ੍ਰਹਮਣੀ ਤੋਂ ਪ੍ਰਸ਼ਾਦੇ ਲਿਆ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਛਕਾਏ। ਇਸ ਪ੍ਰਕਾਰ 7 ਪੋਹ 1761 ਬਿਕਰਮੀ ( 21 ਦਸੰਬਰ 1704) ਦੀ ਰਾਤ ਤਿੰਨਾਂ ਨੇ ਕੁੰਮੇ ਮਾਸ਼ਕੀ ਦੀ ਝੌਂਪੜੀ ਵਿੱਚ ਝੱਲ-ਝਾੜੀਆਂ 'ਚ ਸਰਸਾ ਨਦੀ ਤੇ ਸਤਲੁਜ ਦਰਿਆ ਦੇ ਸਾਂਝੇ ਕਿਨਾਰੇ ਪਿੰਡ ਚੱਕ ਢੇਰਾਂ ਦੇ ਪੱਤਣ 'ਤੇ ਬਤੀਤ ਕੀਤੀ। ਇੱਥੇ ਹੀ ਗੰਗੂ ਬ੍ਰਾਹਮਣ ਜੋ ਕਿਸੇ ਸਮੇਂ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਪਾਸ ਰਸੋਈਆ ਰਿਹਾ ਸੀ ਮਾਤਾ ਜੀ ਨੂੰ ਆ ਮਿਲਿਆ। ਉਸ ਨੂੰ ਪਤਾ ਸੀ ਕਿ ਗੁਰੂ ਘਰ ਦਾ ਖ਼ਜ਼ਾਨਾ ਦਾਦੀ ਮਾਂ ਦੇ ਕੋਲ ਹੈ। ਉਸ ਨੇ ਕੁੰਮਾਂ ਮਾਸ਼ਕੀ ਨੂੰ ਆਪਣੀ ਗੁਰੂ ਜੀ ਨਾਲ ਨੇੜਤਾ ਦੱਸੀ। ਗੰਗੂ ਨੇ ਮਾਤਾ ਜੀ ਨੂੰ ਵਿਸ਼ਵਾਸ ਦਵਾਇਆ ਕਿ ਉਹ ਉਨ੍ਹਾਂ ਨੂੰ ਗੁਰੂ ਜੀ ਨਾਲ ਮਿਲਾ ਦੇਵੇਗਾ। ਮਾਤਾ ਜੀ ਨੇ ਜਾਣ ਲੱਗਿਆਂ ਮਾਈ ਲੱਛਮੀ ਨੂੰ ਦੋ ਸੋਨੇ ਦੀਆਂ ਮੋਹਰਾਂ ਦੇ ਮੁੱਲ ਦੀ ਆਰਸੀ ਜੋ ਹੱਥ ਦੇ ਅੰਗੂਠੇ 'ਚ ਪਾਉਣ ਵਾਲਾ ਸ਼ੀਸ਼ਾ ਜੜਿਆ ਕੀਮਤੀ ਗਹਿਣਾ ਹੁੰਦਾ ਹੈ ਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ। ਕੁੰਮੇ ਮਾਸ਼ਕੀ ਨੂੰ ਪੰਜ ਰੁਪਏ ਦਿੱਤੇ। ਕੁੰਮੇ ਮਾਸ਼ਕੀ ਨੇ ਆਪਣੀ ਬੇੜੀ ਵਿੱਚ ਬਿਠਾ ਸਾਰਿਆਂ ਨੂੰ ਸਮੇਤ ਖੱਚਰ ਪਾਰ ਕਰਾ, ਇੱਕ ਪਿਲਕਣ ਦੇ ਦਰੱਖਤ ਥੱਲੇ ਉਤਾਰ ਦਿੱਤਾ ਜਿਸ ਨਾਲ ਉਹ ਬੇੜੀ ਬੰਨ੍ਹਿਆਂ ਕਰਦਾ ਸੀ। ਇਹ ਪਿਲਕਣ ਦਾ ਪੁਰਾਤਨ ਦਰਖਤ ਅੱਜ ਵੀ ਪਿੰਡ ਚੱਕ ਢੇਰਾ ਵਿਖੇ ਮੌਜੂਦ ਹੈ। ਕੁੰਮੇ ਤੇ ਲੱਛਮੀ ਨੂੰ ਦਿੱਤੀ ਮਾਇਆ ਤੇ ਗਹਿਣਿਆਂ ਨੇ ਗੰਗੂ ਦੇ ਮਨ ਵਿੱਚ ਲਾਲਚ ਭਰ ਦਿੱਤਾ ਅਤੇ

ਇਸ ਨੂੰ ਹਥਿਆਉਣ ਲਈ ਉਹ ਵਿਉਂਤਾਂ ਘੜਨ ਲੱਗਾ।

ਕੁੰਮੇ ਮਾਸ਼ਕੀ ਦੀ ਛੰਨ ਅਤੇ ਉਸ ਦੇ ਆਲੇ ਦੁਆਲੇ ਦੀ ਕਾਫ਼ੀ ਥਾਂ ਹੁਣ ਸਿੱਖ ਸੰਗਤਾਂ ਨੇ ਗ੍ਰਹਿਣ ਕਰ ਲਈ ਹੈ। ਇੱਥੇ ਛੋਟਾ ਜਿਹਾ ਗੁਰੂਦੁਆਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ ਹੈ। ਇੱਕ ਵੱਡਾ ਹਾਲ ਵੀ ਉਸਾਰੀ ਅਧੀਨ ਹੈ। ਇਹ ਸਥਾਨ ਰੂਪਨਗਰ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਸਤਲੁਜ ਦਰਿਆ ਦੇ ਪੂਰਬੀ ਕਿਨਾਰੇ 'ਤੇ ਸਥਿਤ ਹੈ।ਇਸ ਨੂੰ ਰੂਪਨਗਰ ਤੋਂ ਪੱਕੀ ਸੜਕ ਪਿੰਡ ਕਟਲੀ, ਲੋਦੀ ਮਾਜਰਾ, ਪਤਿਆਲਾਂ ਤੇ ਚੱਕ ਢੇਰਾ ਰਾਹੀਂ ਜਾਂਦੀ ਹੈ।ਇਹ ਸਥਾਨ ਰੂਪਨਗਰ- ਕੀਰਤਪੁਰ ਸਾਹਿਬ ਮੁੱਖ ਸੜਕ ਤੋਂ ਘਨੌਲੀ, ਨੂੰਹੋਂ ਤੇ ਦਬੁਰਜੀ ਪਿੰਡਾਂ ਰਾਹੀਂ 7 ਕੁ ਕਿਲੋਮੀਟਰ ਹੈ।ਗੁਰੂਦੁਆਰਾ ਪਰਿਵਾਰ ਵਿਛੋੜਾ ਤੋਂ ਇਹ ਸਰਸਾ ਨਦੀ ਦੇ ਕਿਨਾਰੇ ਕਿਨਾਰੇ ਅੱਠ ਕਿਲੋਮੀਟਰ ਤੇ ਨੱਕ ਦੀ ਸੇਧ ਪੰਜ ਕੁ ਕਿਲੋਮੀਟਰ ਹੈ। ਇਹ ਜ਼ਮੀਨ ਭਾਵੇਂ ਹੈ ਤਾਂ ਦਰਿਆ ਦੇ ਪੱਛਮ ਵਾਲੇ ਪਾਸੇ ਸਥਿਤ ਟਿੱਬਾ ਟੱਪਰੀਆਂ ਦੀ ਪਰ ਦਰਿਆ ਨੂੰ ਪਾਰ ਕਰਨ ਦਾ ਕੋਈ ਸਾਧਨ ਨਾ ਹੋਣ ਕਰ ਕੇ ਇਸ ਗੁਰੂਦੁਆਰਾ ਸਾਹਿਬ ਨੂੰ ਪਿੰਡ ਚੱਕ ਢੇਰਾਂ ਦਾ ਹੀ ਲਿਖਿਆ ਜਾਂਦਾ ਹੈ ਕਿਉਂਕਿ ਇਹ ਪਿੰਡ ਇਸ ਸਥਾਨ ਦੇ ਜ਼ਿਆਦਾ ਨੇੜੇ ਹੈ।

ਇਨ੍ਹਾਂ ਦੋਵੇਂ ਗੁਰੂਦੁਆਰਿਆਂ ਦਾ ਪ੍ਰਬੰਧ ਸੱਤ ਪਿੰਡਾਂ ਵਿੱਚੋਂ ਚੁਣੀ ਹੋਈ ਕਮੇਟੀ (ਰਜਿਸਟਰਡ) ਦੇ ਅਧੀਨ ਹੈ।

❊ ❊ ❊ ❊ ❊

## ਰੂਹਾਨੀ ਰਮਜ਼ਾਂ

ਸਾਰਾ ਸੰਸਾਰ ਜੀਵਾਂ ਦੇ ਕੰਮਾਂ ਭਾਵ 'ਕਰਮਾਂ' ਅਤੇ 'ਕ੍ਰਿਆਵਾਂ' ਨਾਲ ਚੱਲਦਾ ਹੈ। ਕੋਈ ਵੀ ਜੀਵ ਕੰਮ ਤੋਂ ਬਿਨਾ ਰਹਿ ਨਹੀਂ ਸਕਦਾ।

ਕਰਮ ਦਾ ਕਰਤਾ ਜੀਵ ਆਪ ਹੈ। ਇਸ ਲਈ ਕਰਮ ਦਾ ਫ਼ਲ ( ਦੁੱਖ ਜਾਂ ਸੁੱਖ) ਜੀਵ ਨੂੰ ਅਵੱਸ਼ ਭੁਗਤਣਾ ਪੈਂਦਾ ਹੈ।

ਕ੍ਰਿਆ ਦਾ ਕਰਤਾ ਜੀਵ ਨਹੀਂ ਬਲਕਿ ਅਦ੍ਰਿਸ਼( ਪਰਮਾਤਮਾ) ਹੈ।ਇਸ ਲਈ ਕ੍ਰਿਆ ਦਾ ਫ਼ਲ (ਦੁੱਖ ਜਾਂ ਸੁੱਖ) ਜੀਵ ਨੂੰ ਨਹੀਂ ਭੁਗਤਣਾ ਪੈਂਦਾ।

ਇਸ ਲਈ ਦੁੱਖ ਜਾਂ ਸੁੱਖ ਤੋਂ ਛੁਟਕਾਰਾ ਪਾਉਣ ਲਈ, ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੀ ਹਉਮੈਂ ਦਾ ਤਿਆਗ ਕਰਕੇ ਆਪਣੇ ਹਰ ਕਰਮ ਨੂੰ ਕ੍ਰਿਆ ਵਿੱਚ ਬਦਲ ਦੇਵੇ।

ਇੱਕ ਬਾਦਸ਼ਾਹ ਨੇ ਧਰਮਾਤਮਾ ਨੂੰ ਪੁੱਛਿਆ, " ਤੈਨੂੰ ਸਾਡੀ ਕਦੇ ਯਾਦ ਵੀ ਆਉਂਦੀ ਹੈ ?" ਧਰਮਾਤਮਾ ਨੇ ਉੱਤਰ ਦਿੱਤਾ, " ਹਾਂ, ਉਸ ਵੇਲੇ ਜਦੋਂ ਮੈਨੂੰ ਪਰਮਾਤਮਾ ਭੁੱਲ ਜਾਂਦਾ ਹੈ"। – ਸ਼ੇਖ ਸਾਅਦੀ

## ਵਿਦੇਸ਼ਾਂ ਵਿੱਚ ਪੰਜਾਬੀ ਸ਼ਾਨ ਦੇ ਪ੍ਰਤੀਕ

ਅਰਪਿੰਦਰ ਕੌਰ ਅਮਰੀਕਾ ਵਿੱਚ ਪਹਿਲੀ ਸਿੱਖ ਪਾਇਲਟ ਹੈ ਜੋ ਪਗੜੀ ਬੰਨ੍ਹ ਕੇ ਜਹਾਜ਼ ਉੜਾਏਗੀ। ਇਸ ਸਵੈਮਾਨੀ ਤੇ ਦ੍ਰਿੜ ਇਰਾਦੇ ਮਾਲਕ ਪੰਜਾਬਣ ਨੇ ਅਮਰੀਕਾ ਵਿੱਚ ਫੇਅਰਫੈਕਸ ਵਿਰਜੀਆ ਦੀ ਜੌਰਜ ਮੇਸਨ ਯੂਨੀਵਰਸਿਟੀ ਤੋਂ ਆਈ. ਟੀ. ਵਿੱਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਉਸ ਨੇ 2002 ਵਿੱਚ ਕੈਸਾਸ ਵਿਖੇ ਸ. ਪ੍ਰਿਤਪਾਲ ਸਿੰਘ ਨਾਲ ਵਿਆਹ ਕਰਾਇਆ। ਅਰਪਿੰਦਰ ਕੌਰ ਨੇ ਕੈਂਸਾਸ ਦੇ ਏਅਰ ਐਸੋਸੀਏਟਸ ਤੋਂ ਏਵੀਏਸ਼ਨ ਕੋਰਸ ਪੂਰਾ ਕੀਤਾ ਅਤੇ ਸਾਨ ਐਂਟੋਨੀਓ ਵਿਖੇ ਰ੍ਹਾਈਟ ਫਲਾਇਰਜ਼ ਏਵੀਏਸ਼ਨ ਵਿੱਚ ਫਲਾਇਟ ਇੰਸਟ੍ਰਕਟਰ ਨਿਯੁਕਤ ਹੋ ਗਈ। ਸੰਨ 2008 ਵਿੱਚ ਉਹ ਏਨਬਰੇਅਰ 145 ਦੀ ਐਨਵੋਏ ਫਸਟ ਆਫੀਸਰ ਬਣ ਗਈ। ਹੁਣ ਉਹ ਇਸ ਜਹਾਜ਼ ਦੀ ਐਨਵੋਏ ਕੈਪਟਨ ਹੈ। ਅਰਪਿੰਦਰ ਕੌਰ 2015 ਵਿੱਚ ਪਸਡੋਨਾ( ਕੈਲੇਫੋਰਨੀਆ) ਵਿਖੇ ਹੋਈ ਰੋਜ਼ ਪਰੇਡ ਵਿੱਚ ਸਿੱਖ ਅਮੈਰੀਕਨ ਵਜੋਂ ਸ਼ਾਮਿਲ ਹੋਈ ਸੀ।

• **ਸਿਮਰਨ ਸਿੰਘ ਸੰਧੂ** ਅਸਟ੍ਰੇਲੀਆ ਦੇ ਸ਼ਹਿਰ ਪਰਥ ਵਿੱਚ ਰਾਇਲ ਐਰੋ ਕਲੱਬ ਤੋਂ ਸਿਖਲਾਈ ਪ੍ਰਾਪਤ ਕਰ ਕੇ ਪਹਿਲਾ ਪਗੜੀਧਾਰੀ ਸਿੱਖ ਪਾਇਲਟ ਬਣਿਆ ਹੈ।ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸਬੰਧਿਤ ਸ.ਹਰਪਾਲ ਸਿੰਘ ਸੰਧ ਅਤੇ ਮਾਤਾ ਸ਼੍ਰੀਮਤੀ ਰਣਜੀਤ ਕੌਰ ਸੰਧੂ ਦਾ ਬੇਟਾ ਸਿਮਰਨ ਸਿੰਘ ਅਜੇ 15 ਸਾਲ ਦਾ ਹੈ ਅਤੇ ਗਿਆ੍ਰਵੀਂ ਸ਼੍ਰੇਣੀ ਵਿੱਚ ਪੜ੍ਹਦਾ ਹੈ। ਉਹ ਅਸਟ੍ਰੇਲੀਅਨ ਏਅਰਫੋਰਸ ਵਿੱਚ ਜਾਣ ਦਾ ਚਾਹਵਾਨ ਹੈ। ਇਹ ਪਰਿਵਾਰ 2008 ਵਿੱਚ ਅਸਟ੍ਰੇਲੀਆ ਗਿਆ ਸੀ।

• ਪੰਜਾਬੀ ਮੂਲ ਦੇ **ਸ. ਗੁਰਬੀਰ ਸਿੰਘ ਗਰੇਵਾਲ** ਅਮਰੀਕਾ ਦੇ ਸ਼ਹਿਰ ਨਿਊ ਜਰਸੀ ਸ਼ਹਿਰ ਸਟੇਟ ਦੇ ਅਟਾਰਨੀ ਜਨਰਲ ਨਾਮਜ਼ਦ ਹੋਏ ਹਨ। ਉਹ ਅਟਾਰਨੀ ਜਨਰਲ ਬਣਨ ਵਾਲੇ ਪਹਿਲੇ ਸਿੱਖ ਅਮਰੀਕਨ ਹਨ। ਇਸ ਨਾਲ ਪੰਜਾਬੀਆਂ ਦੇ ਸਿਰ ਸ਼ਾਨ ਨਾਲ ਉੱਚੇ ਹੋਏ ਹਨ।

### ਸ਼ਰਧਾਂਜਲੀ

"ਸ਼ੂਰਸੈਣੀ ਕੌਮ ਦਾ ਸੰਖੇਪ ਇਤਿਹਾਸ" ਦੇ ਰਚੇਤਾ ਗਿਆਨੀ ਉਧਮ ਸਿੰਘ ਮੁਸਾਫਿਰ ਜੀ ਦੀ ਨੂੰਹ ਅਤੇ ਫਗਵਾੜਾ ਨਿਵਾਸੀ ਸ. ਹਰਗੁਰਦੇਵ ਸਿੰਘ ਝਿੱਕਾ ਦੀ ਧਰਮਪਤਨੀ ਸ਼੍ਰੀਮਤੀ ਸੁਰਿੰਦਰ ਕੌਰ 5 ਮਾਰਚ 2018 ਨੂੰ ਗੁਰਚਰਨਾਂ ਵਿੱਚ ਜਾ ਬਿਰਾਜੇ ਹਨ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰ ਦੇ ਇਸ ਦੁੱਖ ਵਿੱਚ ਸ਼ਰੀਕ ਹੁੰਦੇ ਹਨ। ਝਿੱਕਾ ਪਰਿਵਾਰ ਸੈਣੀ ਭਵਨ ਨਾਲ ਬਹੁਤ ਪਹਿਲਾਂ ਤੋਂ ਜੁੜਿਆ ਹੋਇਆ ਹੈ। ਪ੍ਰਮਾਤਮਾ ਸਵਰਗਵਾਸੀ ਦੀ ਰੂਹ ਨੂੰ ਸ਼ਾਂਤੀ ਬਖਸ਼ੇ।



ਕਹਾਣੀ

# ਧੁੰਦ 'ਚ ਫਸਿਆ ਸੱਚ

ਚਰਨਜੀਤ ਸਿੰਘ ਕਤਰਾ,
ਸਹੌੜਾਂ



ਅੱਜ ਐਤਵਾਰ ਸੀ। ਪਤਨੀ ਕਿਸੇ ਸਹੇਲੀ ਦੇ ਘਰ ਗਈ ਹੋਈ ਸੀ। ਬੇਟਾ ਆਪਣੇ ਦੋਸਤਾਂ ਨਾਲ ਖੇਡਣ ਗਿਆ ਹੋਇਆ ਸੀ। ਮੈਂ ਘਰ ਇਕੱਲਾ ਸਕੂਨ ਨਾਲ ਅਖ਼ਬਾਰ ਪੜ੍ਹਣ ਦੀ ਤਿਆਰੀ ਵਿੱਚ ਸੀ ਕਿ ਬਾਹਰ ਦਾ ਗੇਟ ਖੁਲਿਆ। ਮੈਂ ਖਿੜਕੀ 'ਚੋਂ ਦੇਖਿਆ, ਪਿੰਡ ਦਾ ਜੈਲਾ ਅਮਲੀ ਆ ਰਿਹਾ ਸੀ।

" ਆ ਬਈ ਜੈਲ ਸਿਹਾਂ! ਕਿਵੇਂ ਆਉਣਾ ਹੋਇਆ?" ਉਸ ਨੂੰ ਅੰਦਰ ਵੜਦੇ ਨੂੰ ਮੈਂ ਕਿਹਾ।

" ਬਾਈ ਕੰਮ ਆਇਆਂ ਬਹੁਤ ਜ਼ਰੂਰੀ, ਘਰ ਵਾਲੀ ਬਿਮਾਰ ਐ ਬਹੁਤ, ਪੈਸੇ ਚਾਹੀਦੇ"।

" ਪਿਛਲੀਆਂ ਤਰੀਕਾਂ 'ਚ ਕਿੱਥੇ ਹੁੰਦੇ ਨੇ ਪੈਸੇ, ਸਾਡੇ ਕੋਲ ਜੈਲਿਆ"। ਮੈਂ ਉਸ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

" ਬਾਈ ਜੀ ਕਿਵੇਂ ਵੀ ਸਾਰ, ਮੈਂ ਬਹੁਤ ਪ੍ਰੇਸ਼ਾਨ ਹਾਂ। ਉਦ੍ਹੇ ਟੈਸਟਾਂ ਨੇ ਹੀ......"।

" ਦੇਖ ਜੈਲਿਆ", ਮੈਂ ਤਲਖੀ 'ਚ ਬੋਲਿਆ, " ਤੇਰੀ ਤਾਂ ਆਦਤ ਹੈਗੀ ਝੂਠ ਬੋਲ ਕੇ ਪੈਸੇ ਮੰਗਣ ਦੀ। ਤੂੰ ਦੱਸ, ਮੈਥੋਂ ਹੀ ਕਿੰਨੀ ਵਾਰ ਤੂੰ ਝੂਠ ਬੋਲ ਕੇ ਪੈਸੇ ਲੈ ਗਿਆਂ ਨਸ਼ਿਆਂ ਲਈ, ਕਿਆ ਸਾਨੂੰ ਪਤਾ ਨੀ ਲਗਦਾ? ਸਾਡੇ ਘਰੋਂ ਵੀ ਤੂੰ ਕਈ ਵਾਰ ਬਹਾਨੇ ਨਾਲ ਲੈ ਗਿਆਂ, ਹੋਰ ਪਤਾ ਨੀ ਕਿੱਥੇ ਕਿੱਥੇ ਤੂੰ ਮੰਗਦਾ ਰਹਿੰਦਾਂ। ਤੇਰੇ ਮਾਪੇ ਇਸੇ ਬਦਨਾਮੀ ਕਾਰਨ ਵਕਤ ਤੋਂ ਪਹਿਲਾਂ ਹੀ ਗੁਜ਼ਰ ਗਏ, ਉਨ੍ਹਾਂ ਦੀ ਇੱਜ਼ਤ ਤੂੰ ਮਿੱਟੀ 'ਚ ਰੋਲ 'ਤੀ ਪਰ ਤੈਨੂੰ ਸ਼ਰਮ ਨੀਂ ਆਉਂਦੀ। ਤੈਨੂੰ ਤਾਂ ਬੱਸ ਨਸ਼ਾ ਚਾਹੀਦਾ, ਤੇਰਾ ਟੱਬਰ......"।

" ਦੇਖ, ਪੈਸੇ ਨਹੀਂ ਦੇਣੇ, ਕੋਰੀ ਨਾਂਹ ਕਰ ਦੇ, ਏਵੇਂ ਕਿਉਂ ਉਧੜੀ ਜਾਂਦਾਂ, ਬੱਕ ਬੱਕ ਕਰੀ ਜਾਂਦਾਂ। ਸਾਡਾ ਬੁੜ੍ਹਾ ਈ ਮੂਰਖ ਤਾ, ਜਿਸ ਨੇ ਤੈਨੂੰ ਅਫ਼ਸਰ ਲੁਆ ਤਾ, ਨਹੀਂ ਤਾਂ ਅੱਜ ਵੀ ਤੈਂ ਖੇਤਾਂ ਵਿੱਚ ਦਾਤੀ ਖੁਰਪਾ ਚੱਕੀ ਫਿਰਨਾ ਤਾ। ਮਾਰਦਾ ਏ ਗੱਲਾਂ। ਸਾਲੀ ਨਾਸ਼ੁਕਰੀ ਕਮੀਨੀ ਜਾਤ, ਹੂੰ !"। ਇਹ ਕਹਿੰਦਾ ਉਹ ਗੁੱਸੇ 'ਚ ਇਕ ਦਮ ਬਾਹਰ ਨਿਕਲ ਗਿਆ। ਮੈਂ ਦੇਖਦਾ ਹੀ ਰਹਿ ਗਿਆ, ਕੁੱਝ ਕਹਿ ਹੀ ਨਾ ਹੋਇਆ।

ਅਸਲ ਵਿੱਚ ਮੈਂ ਇਸ ਪਰਿਵਾਰ ਦਾ ਬਹੁਤ ਦੇਣਦਾਰ ਹਾਂ, ਬਹੁਤ ਅਹਿਸਾਨ ਹਨ ਮੇਰੇ ਤੇ ਇਸ ਦੇ ਪਿਤਾ ਜੀ ਸ. ਕ੍ਰਿਪਾਲ ਸਿੰਘ ਦੇ। ਮੇਰਾ ਤਾਂ ਇਹ ਛੋਟੇ ਭਰਾ ਵਰਗਾ ਹੈ, ਇਸੇ ਕਾਰਣ ਇਸ ਤੇ ਤਰਸ ਆਉਂਦਾ, ਦੁਖੀ ਹੁੰਦਾਂ ਇਸ ਦੀ ਹਾਲਤ ਦੇਖ ਕੇ। ਮੇਰੇ ਪਿਤਾ ਜੀ ਇਨ੍ਹਾਂ ਦੇ ਸੀਰੀ ਲੱਗੇ ਹੋਏ ਸਨ। ਮੈਂ ਵੀ ਇਨ੍ਹਾਂ ਦੇ ਘਰ ਕੋਈ ਨਾ ਕੋਈ ਕੰਮ ਕਰਵਾ ਦਿੰਦਾ ਸਾਂ। ਇਨ੍ਹਾਂ ਦੇ ਪਿਤਾ ਜੀ ਜੋ ਬਹੁਤ ਦਿਆਲੂ ਕ੍ਰਿਪਾਲੂ ਸਨ ਮੈਨੂੰ ਬਹੁਤ ਪਿਆਰ ਕਰਦੇ ਸਨ। ਮੇਰੀ ਪੜ੍ਹਾਈ 'ਚ ਰੁਚੀ ਦੇਖ ਕੇ ਮੈਨੂੰ ਇਨ੍ਹਾਂ ਨੇ ਪੜ੍ਹਾਇਆ ਤੇ ਨੌਕਰੀ ਦੇ ਕਾਬੁਲ ਬਣਾਇਆ। ਜੈਲਾ ਤਾਂ ਪਹਿਲਾਂ ਤੋਂ ਹੀ ਨਖਿੱਧ ਸੀ। ਨਾ ਇਹ ਪੜ੍ਹਿਆ, ਨਾ ਕੋਈ ਕੰਮ ਕੀਤਾ, ਬੱਸ ਆਵਾਰਾ ਦੋਸਤਾਂ ਨਾਲ ਰਲ ਕੇ ਨਸ਼ੇ ਕਰਨ ਲਗ ਪਿਆ। ਇਸ ਕਾਰਣ ਮਾਪੇ ਦੁਖੀ ਰਹਿੰਦੇ ਤੇ ਅਖੀਰ ਦੋਹੇ ਅੱਗੇ ਪਿੱਛੇ ਰੁਖ਼ਸਤ ਹੋ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਇਸ ਨੂੰ ਖੁਲ੍ਹੀ ਛੁੱਟੀ ਮਿਲ ਗਈ ਤੇ ਇਸ ਨੇ ਸਾਰੀ ਜ਼ਮੀਨ ਜਾਇਦਾਦ ਭੋਰ ਭੋਰ ਖਾ ਪੀ ਲਈ ਤੇ ਅੱਜ ਮੰਗਣ ਦੀ ਨੌਬਤ 'ਤੇ ਆ ਗਿਆ।

ਇਸ ਘਟਨਾ ਦਾ ਮੇਰੇ ਦਿਲ ਦਿਮਾਗ 'ਤੇ ਕਈ ਦਿਨ ਅਸਰ ਰਿਹਾ ਤੇ ਫੇਰ ਭੁੱਲ ਭੁਲਾ ਗਿਆ। ਅੱਜ ਜਦੋਂ ਮੈਂ ਆਪਣੇ ਦਫ਼ਤਰ ਲਈ ਤਿਆਰ ਹੋ ਰਿਹਾ ਸੀ ਤਾਂ ਪਿੰਡੋਂ ਛੋਟੇ ਭਰਾ ਦਾ ਫ਼ੋਨ ਆਇਆ ਕਿ ਰਾਤੀਂ ਜੈਲੇ ਦੀ ਘਰ ਵਾਲੀ ਪੂਰੀ ਹੋ ਗਈ, ਕਈ ਦਿਨਾਂ ਤੋਂ ਹਸਪਤਾਲ ਵਿੱਚ ਸੀ। ਮੈਂ ਤਾਂ ਸੁਣ ਕੇ ਸੁੰਨ ਹੀ ਹੋ ਗਿਆ। ਮਨ ਪ੍ਰੇਸ਼ਾਨ ਹੋ ਗਿਆ। ਮੈਨੂੰ ਲੱਗਿਆ ਜਿਵੇਂ ਉਸ ਦੀ ਮੌਤ ਦਾ ਮੈਂ ਹੀ ਜ਼ੁੰਮੇਵਾਰ ਹੋਵਾਂ। ਗੁੱਸੇ ਵਿੱਚ ਮੈਥੋਂ ਕਿਉਂ ਏਨਾ ਕੁੱਝ ਕਹਿ ਹੋ ਗਿਆ? ਨਹੀਂ, ਮਨ ਨੇ ਪਲਟਾ ਖਾਧਾ, ਤੂੰ ਜ਼ੁੰਮੇਵਾਰ ਨਹੀਂ, ਉਹ ਹੈ, ਜਿਸ ਨੇ ਆਪਣਾ ਵਿਸ਼ਵਾਸ ਗੁਆ ਲਿਆ। ਝੂਠ ਰੂਪੀ ਧੁੰਦ ਨੇ ਸੱਚ ਨੂੰ ਬਾਹਰ ਅਉਣ ਹੀ ਨਹੀਂ ਦਿੱਤਾ। ਅਜਿਹਿਆਂ ਨਾਲ ਏਸ ਤਰ੍ਹਾਂ ਹੀ ਹੁੰਦਾ ਹੈ, ਪਰ ਹੋਇਆ ਬਹੁਤ ਮਾੜਾ। ਮੈਂ ਇਹ ਸੋਚਦਾ ਫਿਰ ਤਿਆਰ ਹੋਣ ਲਗ ਪਿਆ। ਦਫ਼ਤਰੋਂ ਹੋ ਕੇ ਪਿੰਡ ਜਾਵਾਂਗਾ, ਮੇਰਾ ਫ਼ਰਜ਼ ਹੈ, ਜੈਲਾ ਜੋ ਮਰਜ਼ੀ ਕਹੇ ਜੋ ਮਰਜ਼ੀ ਸੋਚੇ।

* * * * *

## 'ਸੈਣੀ ਸੰਸਾਰ' ਦੇ 28ਵੇਂ ਅੰਕ ਵਿੱਚ ਦਿੱਤੀ 'ਪ੍ਰਸ਼ਨੋਤਰੀ' ਦੇ ਉੱਤਰ ਅਤੇ ਪਹਿਲੇ ਤਿੰਨ ਜੇਤੂ

**ਉੱਤਰ–** 1.ਸ 2.ੳ 3.ਅ 4.ੲ 5.ਅ 6.ੲ 7.ਸ 8 ਪ੍ਰਸ਼ਨ ਗਲਤ 9.ਅ 10.ਸ 11.ੲ 12.ਸ 13.ੳ 14.ਅ 15.ਸ 16.ਸ 17.ਅ 18.ਸ 19.ੳ 20.ਸ

**ਜੇਤੂ–**

1. ਗਗਨਦੀਪ ਸਿੰਘ ਪੁੱਤਰ ਸ. ਸੁਰਿੰਦਰ ਸਿੰਘ, # 4460 ਹਵੇਲੀ ਕਲਾਂ, ਰੂਪਨਗਰ
2. ਸ਼੍ਰੀਮਤੀ ਬਲਬੀਰ ਕੌਰ ਸੈਣੀ # 0/1 ਪ੍ਰੀਤ ਨਗਰ, ਹੁਸ਼ਿਆਰਪੁਰ
3. ਸ਼੍ਰੀਮਤੀ ਗੁਰਿੰਦਰ ਕੌਰ ਪਤਨੀ ਸ. ਅਮਰੀਕ ਸਿੰਘ, ਸੈਣੀ ਭਵਨ ਰੋਡ, ਰੂਪਨਗਰ

ਸਾਡਾ ਵਿਰਸਾ

# ਖੂਬਸੂਰਤੀ ਪੰਜਾਬੀ ਬੋਲੀ ਦੀ

ਕਿਸੇ ਜ਼ੁਬਾਨ ਦੇ ਮੁਹਾਵਰੇ, ਕਹਾਵਤਾਂ ਅਤੇ ਲੋਕ ਗੀਤ ਉਸ ਨੂੰ ਵਿਸ਼ਾਲਤਾ ਅਤੇ ਅਮੀਰੀ ਬਖ਼ਸ਼ਦੇ ਹਨ। ਪੰਜਾਬੀ ਜ਼ੁਬਾਨ ਵਿੱਚ ਇਨ੍ਹਾਂ ਦੀ ਭਰਮਾਰ ਹੈ। ਨਮੂਨੇ ਵਜੋਂ ਕੁੱਝ ਕਹਾਵਤਾਂ ਅਤੇ ਲੋਕ ਗੀਤ ਪੇਸ਼ ਹਨ।

**ਪੰਜਾਬੀ ਕਹਾਵਤਾਂ**– ਕਹਾਵਤ ਕਿਸੇ ਜਨ ਸਮੂਹ ਦੇ ਗਹਿਰੇ ਜੀਵਨ ਅਨੁਭਵ ਵਿੱਚੋਂ ਨਿਕਲਿਆ ਤੱਥ ਜਾਂ ਸੱਚ ਹੁੰਦਾ ਹੈ। ਇਹ ਨਿਰੋਲ ਕਲਪਨਾ ਦੀ ਉਪਜ ਨਹੀਂ ਹੁੰਦੀ। ਕੋਈ ਕਾਰਜ, ਘਟਨਾ ਜਾਂ ਸਥਿਤੀ ਇਸ ਦਾ ਸਰੋਤ ਹੁੰਦੀ ਹੈ।

ਉਦਾਹਰਨ ਵਜੋਂ ਜੇ ਕੋਈ ਕੰਮ ਕਰਨਾ ਮੁਸ਼ਕਲ ਜਾਪੇ ਤਾਂ ਕਿਹਾ ਜਾਂਦਾ ਹੈ ਕਿ ਇਹ ਤਾਂ **'ਟੇਢੀ ਖੀਰ'** ਹੈ। ਇਸ ਕਹਾਵਤ ਦਾ ਸਰੋਤ ਬੜਾ ਦਿਲਚਸਪ ਹੈ। ਇੱਕ ਵਾਰ ਕਿਸੇ ਨੇ ਅੰਨ੍ਹੇ ਵਿਅਕਤੀ ਨੂੰ ਖੀਰ ਪਰੋਸੀ। ਅੰਨ੍ਹੇ ਨੂੰ ਖੀਰ ਬਾਰੇ ਕੋਈ ਪਤਾ ਨਹੀਂ ਸੀ ਕਿ ਉਹ ਕਿਹੋ ਜਿਹੀ ਹੈ ਅਤੇ ਕਿਵੇਂ ਖਾਧੀ ਜਾਂਦੀ ਹੈ। ਉਸ ਨੇ ਸਬੰਧਿਤ ਵਿਅਕਤੀ ਨੂੰ ਪੁੱਛਿਆ ਕਿ ਖੀਰ ਕਿਹੋ ਜਿਹੀ ਹੁੰਦੀ ਹੈ। ਖੀਰ, ਦੁੱਧ ਵਿੱਚ ਬਣੀ ਹੋਈ ਹੋਣ ਕਰਕੇ ਚਿੱਟੀ ਹੁੰਦੀ ਹੈ। ਇਸ ਲਈ ਰੰਗ ਦੇ ਅਧਾਰ 'ਤੇ ਉਸ ਵਿਅਕਤੀ ਨੇ ਜਵਾਬ ਦਿੱਤਾ ਕਿ ਉਹ ਬਗਲੇ ਵਰਗੀ ਸਫ਼ੈਦ ਹੁੰਦੀ ਹੈ। ਪਰ ਅੰਨ੍ਹੇ ਨੂੰ ਬਗਲੇ ਬਾਰੇ ਵੀ ਕੁੱਝ ਪਤਾ ਨਹੀਂ ਸੀ। ਸੋ,ਉਸ ਨੇ ਪੁੱਛਿਆ, 'ਬਗਲਾ ਕਿਹੋ ਜਿਹਾ ਹੁੰਦਾ ਹੈ?' ਇਸ 'ਤੇ ਸਬੰਧਿਤ ਵਿਅਕਤੀ ਸ਼ਸ਼ੋਪੰਜ ਵਿੱਚ ਪੈ ਗਿਆ ਕਿ ਅੰਨ੍ਹੇਂ ਨੂੰ ਬਗਲੇ ਬਾਰੇ ਕਿਵੇਂ ਸਮਝਾਵਾਂ? ਉਹ ਇੱਕ ਬਗਲਾ ਫੜ ਲਿਆਇਆ ਤੇ ਅੰਨ੍ਹੇ ਦੇ ਹੱਥ ਵਿੱਚ ਫੜਾ ਕੇ ਕਹਿਣ ਲੱਗਾ, "ਇਹ ਬਗਲਾ ਹੈ"। ਅੰਨ੍ਹਾਂ ਬਗਲੇ ਦੀ ਪੂਛ ਵਲੋਂ ਹੱਥ ਫੇਰਦਾ ਜਦੋਂ ਧੌਣ ਤੱਕ ਪੁੱਜਾ ਤਾਂ ਉਸ ਦੀ ਟੇਢੀ ਧੌਣ ਨੂੰ ਮਹਿਸੂਸ ਕਰਕੇ ਬੋਲਿਆ, "ਮੈਂ ਏਨੀ ਟੇਢੀ ਖੀਰ ਨਹੀਂ ਖਾ ਸਕਦਾ, ਇਹ ਅੰਦਰ ਲੰਘਾਉਣੀ ਬਹੁਤ ਔਖੀ ਹੈ"।

ਇੱਕ ਕਹਾਵਤ ਹੈ, **"ਭੰਗ ਦੇ ਭਾੜੇ ਜਾਣਾ"**। ਜਦੋਂ ਕਿਸੇ ਕੰਮ ਵਿੱਚ ਕੋਈ ਫ਼ਾਇਦਾ ਨਾ ਹੋਵੇ ਤਾਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਪਿੱਛੇ ਕਹਾਣੀ ਵੀ ਬੜੀ ਦਿਲਚਸਪ ਹੈ। ਪਹਿਲੇ ਸਮਿਆਂ ਵਿੱਚ ਲੋਕ ਆਪਣੀਆਂ ਊਠ ਗੱਡੀਆਂ ਰਾਹੀਂ ਭਾਰ ਢੋਣ ਦਾ ਕੰਮ ਕਰਦੇ ਸਨ ਅਤੇ ਭਾਰ ਦੇ ਹਿਸਾਬ ਨਾਲ ਭਾੜਾ ਵਸੂਲਦੇ ਸਨ। ਇੱਕ ਵਾਰ ਨਵਾਂ ਨਵਾਂ ਗੱਡੀਵਾਲਾ ਮੰਡੀ ਵਿੱਚ ਗਿਆ। ਉਸ ਨੂੰ ਭਾਰ ਢੋਣ ਦਾ ਕੋਈ ਤਜ਼ੁਰਬਾ ਨਹੀਂ ਸੀ। ਉਸ ਨੇ ਸੋਚਿਆ ਕਿ ਉਹ ਵੱਡੀਆਂ ਬੋਰੀਆਂ ਢੋਏਗਾ ਤਾਂ ਉਸ ਨੂੰ ਵੱਧ ਕਿਰਾਇਆ ਮਿਲੇਗਾ। ਇਸ ਲਈ ਉਸ ਨੇ ਸਾਮਾਨ ਦੀਆਂ ਵੱਡੀਆਂ ਬੋਰੀਆਂ ਆਪਣੀ ਗੱਡੀ ਤੇ ਲੱਦ ਲਈਆਂ ਜਦੋਂ ਕਿ ਦੂਜੇ ਗੱਡੀ ਵਾਲਿਆਂ ਨੇ ਛੋਟੀਆਂ ਬੋਰੀਆਂ ਲੱਦ ਲਈਆਂ। ਨਿਸ਼ਚਿਤ ਟਿਕਾਣੇ 'ਤੇ ਪਹੁੰਚ ਕੇ ਜਦੋਂ ਬੋਰੀਆਂ ਦੇ ਮਾਲਕ ਨੇ ਭਾੜਾ ਅਦਾ ਕਰਨ ਲਈ ਵੱਡੀਆਂ ਬੋਰੀਆਂ ਨੂੰ ਤੋਲਿਆ ਤਾਂ ਉਨ੍ਹਾਂ ਦਾ ਵਜ਼ਨ ਬਹੁਤ ਘੱਟ ਬਣਿਆ ਅਤੇ ਨਵੀਂ ਗੱਡੀ ਵਾਲੇ ਨੂੰ ਬਹੁਤ ਘੱਟ ਭਾੜਾ ਮਿਲਿਆ। ਅਸਲ ਵਿੱਚ ਇਨ੍ਹਾਂ ਬੋਰੀਆਂ ਵਿੱਚ ਭੰਗ ਭਰੀ ਹੋਈ ਸੀ ਜੋ ਹੌਲੀ ਪਰ ਫੈਲਵੀਂ ਹੋਣ ਕਾਰਨ ਵਜ਼ਨ ਵਿੱਚ ਘੱਟ ਨਿਕਲੀ। ਸਿੱਟੇ ਵਜੋਂ ਨਵੀਂ ਗੱਡੀ ਵਾਲਾ ਬਹੁਤ ਨਿਰਾਸ਼ ਹੋਇਆ ਅਤੇ ਬੋਲਿਆ, " ਅੱਜ ਦਾ ਦਿਨ ਤਾਂ ਭੰਗ ਦੇ ਭਾੜੇ ਗਿਆ"।

**ਲੋਕ ਗੀਤ**– ਲੋਕ ਗੀਤ ਦਿਲਾਂ ਦੀ ਧੜਕਣ ਹੁੰਦੇ ਹਨ। ਇਹ ਢਿੱਡਾਂ ਵਿੱਚਲਾ ਸੱਚ ਅਤੇ ਸਾਂਝੀ ਪੀੜ ਹੁੰਦੇ ਹਨ। ਲੋਕ ਗੀਤ ਸੱਚਾ-ਸੁੱਚਾ ਇਤਿਹਾਸ ਹੁੰਦੇ ਹਨ। ਪੰਜਾਬੀ ਬੋਲੀ ਵਿੱਚ ਲੋਕ ਗੀਤਾਂ ਨੂੰ ਬਹੁਤ ਅਹਿਮੀਅਤ ਹਾਸਲ ਹੈ। ਉਦਾਹਰਨ ਵਜੋਂ ਲੋਕ ਗੀਤ–

**"ਖੂਹ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ।**
**ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ"।**

ਇਸ ਵਿੱਚ ਘੁੱਟ ਕੁ ਪਾਣੀ ਨੂੰ ਤਰਸਦੀ, ਲਾਮ ਤੋਂ ਮੁੜੇ ਥੱਕੇ ਟੁੱਟੇ ਫ਼ੌਜੀ ਦੀ ਰੂਹ, ਲੰਮੇ ਵਿਯੋਗ ਪਿੱਛੋਂ ਮਿਲਣ ਦੀ ਸਿੱਕ ਦਾ ਇੱਕ ਤਰਲਾ, ਆਪਣਿਆਂ ਨੂੰ ਮਿਲਣ ਦੀ ਚਾਹਤ ਹੈ। ਪਰ ਮੁਟਿਆਰ ਬਾਂਕੀ ਨਾਰ ਦਾ ਸਦਾਚਾਰ ਕਿਸੇ ਓਪਰੇ ਮਰਦ ਸਿਰ ਅਹਿਸਾਨ ਕਰ ਕੇ ਕੋਈ ਨਵਾਂ ਪੁਆੜਾ ਨਹੀਂ ਸਹੇੜਨਾ ਚਾਹੁੰਦਾ। ਸਮਾਜਿਕ ਬੰਦਸ਼ਾਂ, ਰਹੁ-ਰੀਤਾਂ ਦੀ ਪਵਿੱਤਰ ਦੀਵਾਰ ਬੜੀ ਉੱਚੀ ਹੈ।

**ਆਪਣਾ ਭਰਿਆ ਨਾ ਦਿਆਂ ਸਿਪਾਹੀਆ ਵੇ।**
**ਲੱਜ ਪਈ ਭਰ ਪੀ ਕਿ ਮੈਂ ਤੇਰੀ ਮਹਿਰਮ ਨਾ ਆਂ।**

ਝੇੜੇ ਝਗੜਿਆਂ, ਰੇੜਕੇ ਰਿੜਕਦਿਆਂ ਅਖਿਰਕਾਰ ਪਛਾਣ ਹੋ ਹੀ ਜਾਂਦੀ ਹੈ। ਵੇਦਨਾ ਕਿੰਨੀ ਗਹਿਰੀ ਹੈ।

**ਨਿੱਕੀ ਹੁੰਦੀ ਨੂੰ ਛੱਡ ਗਇਓਂ ਸਿਪਾਹੀਆ ਵੇ,**
**ਹੁਣ ਹੋਈ ਮੁਟਿਆਰ ਤੇ ਮੈਂ ਤੇਰੀ ਮਹਿਰਮ ਹੋਈ।**

ਪੁਰਾਣੇ ਵੇਲਿਆਂ ਦੀ ਬਾਤ ਹੈ, ਪੁਰਾਣਾ ਇਤਿਹਾਸ ਹੈ, ਪੁਰਾਣੇ ਸਮਾਜਿਕ ਰਿਵਾਜ਼, ਨਿੱਕੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਵਿਆਹ, ਸਹੁਰੇ ਘਰ ਦਾ ਗੋਲਪੁਣਾ ਕਰਦੀ ਬਾਲ-ਵਧੂ ਦਾ ਸੰਤਾਪ, ਪਤੀ ਦੀ ਲਾਮ 'ਤੇ ਚਲੇ ਜਾਣ ਦੀ ਮਜ਼ਬੂਰੀ, ਵਹੁਟੀ ਨੂੰ ਆਪਣੇ ਲਾੜੇ ਦੀ ਪਛਾਣ ਤੱਕ ਨਾ ਰਹਿਣੀ, ਤੇ ਫਿਰ ਭਰ ਜਵਾਨ ਮੁਟਿਆਰ ਦਾ ਆਪਣੇ ਪਤੀ ਨਾਲ ਅਚਨਚੇਤੀ ਮਿਲਾਪ, ਉਹ ਵੀ ਖੂਹ 'ਤੇ,ਇੱਕ ਮੌਕਾ ਮੇਲ। ਭਰ ਜਵਾਨ ਮੁਟਿਆਰ ਦਾ ਸਹਿਕਦਾ ਸਬਰ ਤੇ ਸਬਰ ਸੰਤੋਖ ਦੀ ਤਹਿ 'ਤੇ ਵਿਛੋੜੇ ਦਾ ਹੇਰਵਾ। ਮਹਿਰਮ ਨਾ ਹੋਣ ਤੋਂ ਮਹਿਰਮ ਹੋਣ ਦਾ ਸਫਰ। ਕਿੰਨਾ ਹੀ ਕੁੱਝ ਸਾਂਭੀ ਬੈਠਾ ਹੈ ਇਹ ਲੋਕ ਗੀਤ। ਉਹ ਇਤਿਹਾਸ ਜੋ ਇਤਿਹਾਸਕਾਰ ਨੇ ਨਾ ਕਦੇ ਲਿਖਿਆ ਹੈ ਤੇ ਨਾ ਕਦੇ ਲਿਖ ਸਕਣਾ ਹੈ। ਇਤਿਹਾਸ ਤਾਂ ਵੱਡੇ ਲੋਕਾਂ ਦਾ ਲਿਖਿਆ ਜਾਂਦਾ ਹੈ, ਨਿਮਾਣੀਆਂ ਰੂਹਾਂ 'ਚ ਕਲਵਲ ਹੁੰਦੇ ਜਜ਼ਬਿਆਂ ਦਾ ਇਤਿਹਾਸ ਕਿਹੜਾ ਇਤਿਹਾਸਕਾਰ

ਲਿਖੇਗਾ। ਇਹ ਕੰਮ ਸਿਰਫ਼ ਲੋਕ ਗੀਤਾਂ ਦੇ ਹਿੱਸੇ ਆਇਆ ਹੈ।

ਮੁਟਿਆਰਾਂ ਦੇ ਦਿਲ ਦੀ ਗੁੱਝੀ ਤਾਂਘ ਦੀ ਬਾਤ ਪਾਉਂਦਾ ਇੱਕ ਹੋਰ ਲੋਕ ਗੀਤ ਹੈ-

**ਫੁਲੜੀਏ ਧਰੀਕੇ, ਇੱਕ ਫੁੱਲ ਮੈਨੂੰ ਦੇ।**
**ਮੈਂ ਵੀ ਜਾਣਾ ਪੇਕੇ, ਇੱਕ ਫੁੱਲ ਮੈਨੂੰ ਦੇ।**

ਰੱਬ,ਗੁਰੂ-ਪੀਰ,ਦੇਵੀ-ਦੇਵਤਿਆਂ ਤੋਂ ਤਾਂ ਸਭ ਲੋਕ ਮੰਗਾਂ ਮੰਗਦੇ ਤੇ ਮਨੌਤਾਂ ਮੰਨਦੇ ਹਨ, ਪਰ ਰੁੱਖਾਂ-ਬੂਟਿਆਂ, ਕਾਵਾਂ-ਕਬੂਤਰਾਂ, ਚਿੜੀਆਂ ਤੇ ਘੁੱਗੀਆਂ ਤੋਂ ਲੋਕ ਗੀਤ ਹੀ ਮੰਨਤਾਂ ਮੰਗਦੇ ਹਨ। ਇੱਥੇ ਫੁੱਲਾਂ ਲੱਦੀ ਧਰੇਕ ਅੱਗੇ ਅਰਜੋਈ ਹੈ। ਖਿੜੀ-ਪੁੜੀ ਧਰੇਕ ਵੀ ਪੇਕੇ ਪੁੱਜੀ ਵਿਆਹੁਤਾ ਦਾ ਚਿੰਨ੍ਹ ਬਣ ਜਾਂਦੀ ਹੈ। ਫੁੱਲਾਂ ਨਾਲ ਲੱਦੀ ਧਰੇਕ ਪ੍ਰਸੰਨਤਾ ਦੀ ਸਿਖਰ ਹੈ: ਪ੍ਰਾਪਤੀ ਦਾ ਰੂਪ ਹੈ। ਸਹੁਰੇ ਵਸਦੀ ਮੁਟਿਆਰ ਨੇ ਪੇਕੇ ਘਰ ਜਾਣਾ ਹੈ। ਗੋਦ ਵਿੱਚ ਖਿੜ ਖਿੜ ਕਰਦਾ ਇੱਕ ਫੁੱਲ ਹੋਵੇ, ਪੇਕੇ ਘਰ ਘਰਦਿਆਂ, ਸਖੀਆਂ-ਸਹੇਲੀਆਂ ਨੂੰ ਆਪਣੀ ਪ੍ਰਾਪਤੀ ਦੀ ਖੁਸ਼ੀ ਵਿੱਚ ਭਾਈਵਾਲ ਬਣਾਉਣ ਲਈ , ਆਪਣੇ ਮੁਕੰਮਲ ਹੋ ਜਾਣ ਦੇ ਸਬੂਤ ਲਈ। ਔਰਤ ਜਾਨ 'ਤੇ ਖੇਡ ਕੇ ਮਾਂ ਬਣਦੀ ਹੈ; ਪਰ ਉਹ ਮਾਂ ਬਣ ਕੇ ਮੁਕੰਮਲ ਹੋਈ ਅਨੁਭਵ ਕਰਦੀ ਹੈ। 'ਫੁੱਲੜੀ' ਮੁਕੰਮਲ ਹੋਣ ਦੀ ਲੋੜ, ਮਮਤਾ ਦੀ ਤ੍ਰਿਪਤੀ ਦੀ ਇੱਛਾ, ਧਰੇਕ ਵਾਂਗ ਹੀ ਸੁਗੰਧੀਆਂ ਤੇ ਖੇੜਿਆਂ ਭਰਿਆ ਆਪਾ ਲੈ ਕੇ ਪੇਕੇ ਘਰ ਪਰਤਣਾ, ਰੱਬ ਬਣ ਜਾਣ ਵਰਗਾ ਕਰਤਾਰੀ ਸਵੈਮਾਣ ਹੈ। ਨਿੱਕੇ ਜਿਹੇ ਲੋਕ ਗੀਤ ਵਿੱਚ ਕਿੰਨੀ ਵੱਡੀ ਗੱਲ ਹੈ। ਇਨ੍ਹਾਂ ਗੱਲਾਂ ਦਾ ਕੋਈ ਅੰਤ ਨਹੀਂ। ਖ਼ਜ਼ਾਨਾ ਹਨ ਸਾਡੇ ਲੋਕ ਗੀਤ।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

## ਵਧਾਈ

ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਕਮਲਜੀਤ ਸਿੰਘ ਬਣਵੈਤ ਦੀ ਲਿਖੀ ਕਹਾਣੀ ਪੁਸਤਕ **'ਐਮ.ਐਲ. ਏ. ਨਹੀਂ ਡਾਕੀਆ'** 22 ਮਾਰਚ 2018 ਨੂੰ ਪੰਜਾਬ ਕਲਾ ਭਵਨ ਭਵਨ ਚੰਡੀਗੜ੍ਹ ਵਿਖੇ ਰਿਲੀਜ਼ ਹੋਈ ਹੈ। ਬਣਵੈਤ ਸਾਹਿਬ ਦਾ ਪਿਛੋਕੜ ਦੋਆਬੇ ਦੇ ਮਸ਼ਹੂਰ ਪਿੰਡ ਉੜਾਪੜ ਦਾ ਹੈ। ਇਨ੍ਹਾਂ ਦੀ ਇਹ ਚੌਥੀ ਪੁਸਤਕ ਹੈ ਅਤੇ ਪੰਜਵੀਂ ਪ੍ਰਕਾਸ਼ਨ ਅਧੀਨ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਸ. ਕਮਲਜੀਤ ਸਿੰਘ ਬਣਵੈਤ ਨੂੰ ਹਾਰਦਿਕ ਵਧਾਈ।



## ਸੈਣੀ ਸਮਾਚਾਰ

ਅੰਬਾਲਾ ਸਰਕਲ ਸੈਣੀ ਸਭਾ ਅੰਬਾਲਾ ਸ਼ਹਿਰ (ਰਜਿ.) ਵਲੋਂ ਸੈਣੀ ਹਾਈ ਸਕੂਲ ਅੰਬਾਲਾ ਦਾ ਸਿਲਵਰ ਜੁਬਲੀ ਸਮਾਰੋਹ 27 ਜਨਵਰੀ 2018 ਨੂੰ ਇਸ ਸਕੂਲ ਦੇ ਕੈਂਪਸ ਵਿੱਚ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸ਼੍ਰੀ ਨਾਇਬ ਸਿੰਘ ਸੈਣੀ ਮਾਨਯੋਗ ਰਾਜ ਮੰਤਰੀ ਹਰਿਆਣਾ ਸਰਕਾਰ ਨੇ ਕੀਤੀ ਅਤੇ ਇਸ ਦੇ ਮੁੱਖ ਮਹਿਮਾਨ ਡਾ.ਰਾਮ ਲਾਲ ਸੈਣੀ (ਯੂ.ਐਸ.ਏ.), ਡਾ. ਆਰ.ਸੀ. ਚੌਧਰੀ (ਯੂ.ਕੇ.) ਤੇ ਇੰਜ. ਆਰ.ਐਸ.ਖਡਵਾਲੀਆ ਸਨ। ਅੰਬਾਲਾ ਸ਼ਹਿਰ ਅਸੈਂਬਲੀ ਹਲਕੇ ਦੇ ਐਮ.ਐਲ.ਏ. ਸ੍ਰੀ ਅਸੀਮ ਗੋਇਲ ਅਤੇ ਇੰਜ. ਬਲਬੀਰ ਸਿੰਘ ਇਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸਰਕਲ ਸੈਣੀ ਸਭਾ ਦੇ ਵਿਸ਼ੇਸ਼ ਸੱਦੇ 'ਤੇ ਸੈਣੀ ਭਵਨ ਰੂਪਨਗਰ ਤੋਂ ਪ੍ਰਧਾਨ ਡਾ. ਅਜਮੇਰ ਸਿੰਘ, ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ, ਖ਼ਜ਼ਾਨਚੀ ਸ. ਅਜੀਤ ਸਿੰਘ ਅਤੇ ਲੋਕ ਸੰਪਰਕ ਅਧਿਕਾਰੀ ਸ਼੍ਰੀ ਰਾਜਿੰਦਰ ਕੁਮਾਰ ਸੈਣੀ ਇਸ ਸਮਾਗਮ ਵਿੱਚ ਸ਼ਾਮਿਲ ਹੋਏ। ਇਸ ਸਮੇਂ ਸਭਾ ਦੇ ਪ੍ਰਧਾਨ ਐਡਵੋਕੇਟ ਜਬਰ ਚੌਧਰੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਕੂਲ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀ ਦਵਿੰਦਰ ਸੈਣੀ ਨੇ ਸਕੂਲ ਦੀ ਕਾਰਗੁਜ਼ਾਰੀ ਰਿਪੋਰਟ ਪੜ੍ਹੀ। ਸਮਾਗਮ ਦੇ ਪ੍ਰਧਾਨ ਸ਼੍ਰੀ ਨਾਇਬ ਸਿੰਘ ਸੈਣੀ ਨੇ ਅੰਬਾਲਾ ਸਰਕਲ ਸੈਣੀ ਸਭਾ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਸਕੂਲ ਦੀ ਉੱਨਤੀ ਲਈ ਸਰਕਾਰੀ ਪੱਧਰ 'ਤੇ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਅਤੇ ਸਕੂਲ ਦੇ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਸੈਣੀ ਭਵਨ ਰੂਪਨਗਰ ਦੇ ਨੁਮਾਇੰਦਿਆਂ ਨੇ ਆਪਣੀ ਸੰਸਥਾ ਦੀਆਂ ਗਤੀਵਿਧੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਤਿਮਾਹੀ ਮੈਗਜ਼ੀਨ 'ਸੈਣੀ ਸੰਸਾਰ' ਦੀਆਂ ਕਾਪੀਆਂ ਹਾਜ਼ਰੀਨ ਨੂੰ ਭੇਂਟ ਕੀਤੀਆਂ ਜਿਨ੍ਹਾਂ ਨੂੰ ਸਰਸਰੀ ਪੜ੍ਹ ਕੇ ਸਭ ਨੇ ਇਸ ਮੈਗਜ਼ੀਨ ਦੀ ਪ੍ਰਸ਼ੰਸਾ ਕੀਤੀ। ਵਿਸ਼ੇਸ਼ ਵਰਣਨਯੋਗ ਹੈ ਕਿ ਸੈਣੀ ਸਭਾ ਪਾਸ ਪੰਜ ਕਿੱਲੇ ਦੇ ਕਰੀਬ ਜਗ੍ਹਾ ਹੈ ਜਿਸ ਵਿੱਚ ਦੋ ਮੰਜ਼ਿਲਾ 'ਸੈਣੀ ਆਸ਼ਰਮ' ਅਤੇ ਸਕੂਲ ਦੀ ਆਲੀਸ਼ਾਨ ਇਮਾਰਤ ਸਥਿਤ ਹੈ। ਸੈਣੀ ਸਭਾ ਨੇ 2015 ਵਿੱਚ ਆਪਣਾ 75 ਸਾਲਾ ਸਥਾਪਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਸੀ। ਇਸ ਸਭਾ ਦੇ ਸਾਬਕਾ ਪ੍ਰਧਾਨ ਸ. ਠਾਕੁਰ ਸਿੰਘ ਸੈਣੀ ਨੇ ਸੈਣੀ ਭਵਨ ਰੂਪਨਗਰ ਦੇ ਨੁਮਾਇੰਦਿਆਂ ਦੀ ਪੂਰੀ ਆਉਭਗਤ ਕੀਤੀ। ਗੱਲ ਇਹ ਸੀ ਕਿ ਇਲਾਕੇ ਦੇ ਬਹੁਗਿਣਤੀ ਪਤਵੰਤੇ ਸੈਣੀ ਸੱਜਣ ਭਾਰੀ ਗਿਣਤੀ ਵਿੱਚ ਹਾਜ਼ਰ ਹੋਏ ਅਤੇ ਉਨ੍ਹਾਂ ਨੇ ਸੈਣੀ ਸਭਾ ਅਤੇ ਸਕੂਲ ਦੀ ਦਿਲ ਖੋਲ੍ਹ ਕੇ ਵਿਤੀ ਮਦਦ ਕੀਤੀ।

ਆਧੁਨਿਕ ਸੰਤ - ਨੋਬਲ ਪੁਰਸਕਾਰ ਵਿਜੇਤਾ


# ਅਲਬਰਟ ਸ਼ਵਿਟਜ਼ਰ



ਡ. ਅਜਮੇਰ ਸਿੰਘ
ਰੂਪਨਗਰ

ਭਾਰਤ ਵਿੱਚ ਉਸ ਗਿਆਨੀ ਪੁਰਸ਼ ਨੂੰ ਸੰਤ ਮੰਨਿਆਂ ਜਾਂਦਾ ਹੈ ਜੋ ਦੁਨੀਆਂ ਦੇ ਝਮੇਲਿਆਂ ਨੂੰ ਛੱਡ ਕੇ ਇਕਾਂਤਵਾਸ ਹੋ ਜਾਂਦਾ ਹੈ। ਇਸ ਦੇਸ਼ ਦੇ ਲੋਕਾਂ ਦੀ ਆਤਮਾ ਇੰਨੀ ਸੰਵੇਦਨਹੀਣ ਹੋ ਗਈ ਹੈ ਕਿ ਦੁੱਖ ਨਾਲ ਤੜਪਦੇ ਵਿਅਕਤੀ ਪਾਸੋਂ ਧਰਮਾਤਮਾ ਪੁਰਸ਼ ਵੀ ਇਵੇਂ ਲੰਘ ਜਾਂਦੇ ਹਨ ਜਿਵੇਂ ਉਨ੍ਹਾਂ ਦਾ ਮਨੁੱਖੀ ਦਰਦ ਨਾਲ ਕੋਈ ਲੈਣਾ-ਦੇਣਾ ਹੀ ਨਾ ਹੋਵੇ। ਸਾਡਾ ਧਰਮ ਤਾਂ ਹਰ ਇਨਸਾਨ ਵਿੱਚ ਰੱਬ ਦਾ ਵਾਸਾ ਹੋਣ ਦੀ ਸਿੱਖਿਆ ਦਿੰਦਾ ਹੈ ਤਾਂ ਧਾਰਮਿਕ ਵਿਅਕਤੀ ਨੂੰ ਤਾਂ ਹਰ ਦੁਖੀ ਦਾ ਦਰਦ ਆਪਣਾ ਮਹਿਸੂਸ ਕਰਨਾ ਚਾਹੀਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖਤਾ ਦਾ ਪਰਮ ਧਰਮ ਪਰਉਪਕਾਰ ਹੈ ਜੋ ਕੇਵਲ ਉਪਦੇਸ਼ਾਂ ਨਾਲ ਹੀ ਸੰਭਵ ਨਹੀਂ ਹੈ। ਇਸ ਪਵਿੱਤਰ ਕਾਰਜ ਦੀ ਪੂਰਤੀ ਲਈ ਦੁਖੀਆਂ ਦੀ ਸੇਵਾ ਅਤੇ ਸਾਂਭਸੰਭਾਲ ਜ਼ਰੂਰੀ ਹੈ। ਅਲਬਰਟ ਸ਼ਵਿਟਜ਼ਰ ਅਜਿਹਾ ਸੰਤ ਸੀ ਜਿਸ ਨੇ ਮਾਨਵਤਾ ਦੀ ਸੇਵਾ ਹਿਤ ਪੈਰਿਸ ਸ਼ਹਿਰ ਦੀ ਆਰਾਮਦਾਇਕ ਤੇ ਐਸ਼ਪ੍ਰਸਤੀ ਵਾਲੀ ਜ਼ਿੰਦਗੀ ਨੂੰ ਤਲਾਂਜਲੀ ਦੇ ਕੇ ਅਫ਼ਰੀਕਾ ਦੇ ਅਤਿ ਬਿਖੜੇ, ਗਰਮ,ਜ਼ੰਗਲੀ ਤੇ ਦੂਰ-ਦੁਰੇਡੇ ਇਲਾਕੇ ਵਿੱਚ ਵਸਣ ਨੂੰ ਤਰਜ਼ੀਹ ਦਿੱਤੀ ਜਿੱਥੇ ਉਦੋਂ ਸ਼ਾਇਦ ਕੋਈ ਵੀ ਸੱਭਿਅਕ ਮਨੁੱਖ ਵਸ ਨਹੀਂ ਸਕਦਾ ਸੀ।

ਅਲਬਰਟ ਸ਼ਵਿਟਜ਼ਰ ਦਾ ਜਨਮ ਕੇਸਰਬਰਗ, ਜਰਮਨੀ ਵਿੱਚ 14 ਜਨਵਰੀ 1875 ਵਿੱਚ ਇੱਕ ਸੰਗੀਤ, ਧਰਮ ਤੇ ਸਿੱਖਿਆ ਨਾਲ ਜੁੜੇ ਪਰਿਵਾਰ ਵਿੱਚ ਹੋਇਆ। ਪਹਿਲਾਂ ਪਹਿਲ ਉਨ੍ਹਾਂ ਨੇ ਸੰਗੀਤ ਵਿੱਚ ਸਿੱਖਿਆ ਲਈ ਪਰ ਫਿਰ ਆਪਣੇ ਪਿਤਾ ਦੇ ਕਹਿਣ 'ਤੇ ਪਾਦਰੀ ਬਣਨ ਦਾ ਫੈਸਲਾ ਲੈ ਲਿਆ। ਅਲਬਰਟ, 1899 ਵਿੱਚ ਯੂਨੀਵਰਸਿਟੀ ਆਫ਼ ਸਟ੍ਰਾਸਬਰਗ ਤੋਂ ਧਰਮਸ਼ਾਸਤਰ ਦੀ ਡਾਕਟਰੇਟ ਦੀ ਡਿਗਰੀ ਹਾਸਲ ਕਰਕੇ ਸੰਨ 1900 ਵਿੱਚ ਇੱਥੋਂ ਦੀ ਸੇਂਟ ਨਿਕੋਲਸ ਚਰਚ ਦੇ ਪਾਦਰੀ ਬਣ ਗਏ। ਬੰਸਰੀ ਵਾਦਕ ਵਜੋਂ ਸੰਗੀਤ ਦੀ ਦੁਨੀਆਂ ਵਿੱਚ ਵੀ ਉਹ ਵਿਸ਼ਵ ਪੱਧਰ 'ਤੇ ਜਾਣੇ-ਪਹਿਚਾਣੇ ਸਨ। ਉਨ੍ਹਾਂ ਨੇ 1905 ਵਿੱਚ ਫਰਾਂਸੀਸੀ ਭਾਸ਼ਾ ਵਿੱਚ ਮਿਊਜ਼ੀਕਾਲੋਜੀ ਦੀ ਪ੍ਰਸਿੱਧ ਪੁਸਤਕ ਲਿਖੀ ਜੋ 1908 ਵਿੱਚ ਜਰਮਨ ਅਤੇ 1911 ਵਿੱਚ ਅੰਗਰੇਜ਼ੀ ਭਾਸ਼ਾਵਾਂ ਅਨੁਵਾਦਤ ਹੋਈਆਂ। ਇਸ ਕੰਮ ਵਿੱਚ ਉਨ੍ਹਾਂ ਨੇ ਜੋਹਾਨ ਸੇਬੇਸਿਟਿਅਨ ਬੇਚ ਦੇ ਸੰਗੀਤ ਦੇ ਧਾਰਮਿਕ ਵਿਚਾਰਾਂ ਨੂੰ ਸਰਲ ਕੀਤਾ।ਅਫਰੀਕਨ ਦੇਸ਼ ਕਾਂਗੋ ਵਿੱਚ ਲੋਕਾਂ ਨੂੰ ਦਵਾਈਆਂ ਦੀ ਸਮਝ ਨਹੀਂ ਸੀ। ਉਨ੍ਹਾਂ ਦੀ ਸਹਾਇਤਾ ਲਈ ਅਲਬਰਟ ਨੇ ਪਾਦਰੀ ਦੀ ਬਜਾਏ ਮੈਡੀਸਨ ਮਿਸ਼ਨਰੀ ਦਾ ਕੰਮ ਸ਼ੁਰੂ ਕਰਨ ਦਾ ਇਰਾਦਾ ਬਣਾਇਆ। ਉਸ ਨੇ 1913 ਵਿੱਚ ਯੂਨੀਵਰਸਿਟੀ ਆਫ਼ ਸਟ੍ਰਾਸਬਰਗ ਤੋਂ ਮੈਡੀਸਨ ਅਤੇ ਸਰਜਰੀ ਦੀ ਸਿੱਖਿਆ ਲਈ। ਇਸ ਸਾਲ ਹੀ ਉਸ ਨੇ ਆਪਣੀ ਪਤਨੀ ਦੇ ਨਾਲ ਫਰਾਂਸ ਅਧੀਨ ਅਫ਼ਰੀਕਾ( ਜੋ ਹੁਣ ਗੇਬੋਨ ਹੈ) ਦੇ ਜੰਗਲੀ ਇਲਾਕੇ ਲੇਮਬੇਰਨ ਵਿੱਚ ਇੱਕ ਮੈਡੀਕਲ ਮਿਸ਼ਨਰੀ ਸਥਾਪਿਤ ਕੀਤੀ ਜਿਸ ਅਧੀਨ ਉਸ ਨੇ ਪਹਿਲੇ ਹੀ ਸਾਲ 2000 ਰੋਗੀਆਂ ਦਾ ਹਸਪਤਾਲ ਬਣਾਇਆ। ਇਹ ਸੰਘਣੇ ਜੰਗਲ ਵਿਚਕਾਰ ਘਿਰਿਆ ਅਜਿਹਾ ਬੇਆਬਾਦ ਥਾਂ ਸੀ ਜਿੱਥੇ ਜ਼ਹਿਰੀਲੇ ਸੱਪਾਂ, ਮਗਰਮੱਛਾਂ ਅਤੇ ਗੁਰੀਲਿਆਂ ਦਾ ਰਾਜ ਸੀ।ਉਹ ਮਨੁੱਖਤਾ ਦੇ ਭਲੇ ਲਈ ਸਾਰੀ ਅਗਵਾਈ ਬਾਈਬਲ ਤੋਂ ਲੈਂਦਾ ਸੀ।



ਉਸ ਨੇ ਜੀਸਸ ਕ੍ਰਾਈਸਟ ਦੇ ਜੀਵਨ ਦਾ ਪੂਰੀ ਸੂਖਮਤਾ ਨਾਲ ਅਧਿਐਨ ਕੀਤਾ। ਉਸ ਦੇ ਛੋਟੇ ਜਿਹੇ ਰਿਹਾਇਸ਼ੀ ਕਮਰੇ ਵਿੱਚ ਪੁਸਤਕਾਂ ਦਾ ਢੇਰ ਲੱਗਾ ਰਹਿੰਦਾ ਸੀ।

ਪਹਿਲੇ ਵਿਸ਼ਵ ਯੁੱਧ ਦੌਰਾਨ 1917 ਵਿੱਚ ਉਸ ਨੂੰ ਫਰਾਂਸ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਸ ਨੇ 1918 ਵਿੱਚ ਧਾਰਮਿਕ, ਦਾਰਸ਼ਨਿਕ ਅਤੇ ਸੰਗੀਤ-ਇਤਿਹਾਸ ਦੀਆਂ ਦੋ ਪੁਸਤਕਾਂ- ' ਦ ਡਿਕੇ' ਅਤੇ ' ਦ ਰੇਸਟੋਰੇਸ਼ਨ ਆਫ਼ ਸਿਵਿਲਾਈਜ਼ੇਸ਼ਨ ਐਂਡ ਐਥਿਕਸ' ਲਿਖੀਆਂ। ਇਨ੍ਹਾਂ ਪੁਸਤਕਾਂ ਨੇ ਵਿਸ਼ਵ ਦੀਆਂ ਭਿੰਨ ਭਿੰਨ ਸੱਭਿਅਤਾਵਾਂ ਵਿੱਚ ਭਾਈਚਾਰਕ ਸਾਂਝ ਕਾਇਮ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਜੀਵਨ ਦੇ ਸਤਿਕਾਰ ਦਾ ਕੱਟੜ ਸਮਰਥਕ ਸੀ। ਉਹ ਅਰਦਾਸ ਕਰਿਆ ਕਰਦਾ ਸੀ, " ਓ ਮੇਰੇ ਪਰਮਾਤਮਾ! ਉਨ੍ਹਾਂ ਸਾਰੀਆਂ ਚੀਜ਼ਾਂ ਦੀ ਰੱਖਿਆ ਕਰੋ ਅਤੇ ਉਨ੍ਹਾਂ ਨੂੰ ਅਸੀਸਾਂ ਦਿਉ ਜੋ ਸਾਹ ਲੈਂਦੀਆਂ ਹਨ, ਉਨ੍ਹਾਂ ਨੂੰ ਬੁਰੀਆਂ ਆਤਮਾਵਾਂ ਤੋਂ ਬਚਾਓ ਅਤੇ ਸੁਖ-ਸ਼ਾਂਤੀ ਨਾਲ ਵਸਣ ਲਈ ਮਦਦ ਕਰੋ"। ਉਸ ਨੇ ਸੰਗੀਤ ਕਨਸਰਟ ਅਤੇ ਭਾਸ਼ਣਾਂ ਨਾਲ ਕਮਾਏ ਧਨ ਨਾਲ ਹੋਰ ਵੱਧ ਮੈਡੀਕਲ ਸਹੂਲਤਾਂ ਸਥਾਪਿਤ ਕੀਤੀਆਂ ਜਿਸ ਨਾਲ ਬਿਮਾਰਾਂ ਦੀ ਸੇਵਾ ਕੀਤੀ। ਸੰਨ 1940 ਵਿੱਚ ਅਲਬਰਟ ਅਮਰੀਕਾ ਗਏ ਅਤੇ 1952 ਵਿੱਚ ਸ਼ਾਂਤੀ ਨੋਬਲ ਪੁਰਸਕਾਰ ਮਿਲਣ ਉਪਰੰਤ ਫਰੈਂਕਫਰਟ ਵਿੱਚ ਗ੍ਰੋਥ ਪੁਰਸਕਾਰ ਤੋਂ ਇਲਾਵਾ ਕਈ ਯੂਨੀਵਰਸਟੀਆਂ ਤੋਂ ਡਾਕਟਰੇਟ ਦੀ ਉਪਾਧੀ ਪ੍ਰਾਪਤ ਕੀਤੀ। ਨੋਬਲ ਪੁਰਸਕਾਰ ਅਤੇ ਹੋਰ ਮਾਣ-ਸਨਮਾਨਾਂ ਤੋਂ ਪ੍ਰਾਪਤ ਹੋਈ ਧਨ-ਰਾਸ਼ੀ ਉਸ ਨੇ ਲੈਬਰੇਨ ਵਿੱਚ ਰੋਗੀਆਂ ਦੇ ਇਲਾਜ ਲਈ ਖਰਚ ਕਰ ਦਿੱਤੀ।

ਹਰ ਪ੍ਰਕਾਰ ਦੇ ਜਾਨਵਰ ਉਸ ਦੇ ਦੋਸਤ ਸਨ ਜਿਨ੍ਹਾਂ ਦੀ

ਉਹ ਪਰਮਾਤਮਾ ਦੇ ਦੂਤ ਵਜੋਂ ਰਖਵਾਲੀ ਕਰਦਾ ਸੀ। ਉੱਥੇ ਜਾਨਵਰਾਂ ਦੇ ਸ਼ਿਕਾਰ ਅਤੇ ਉਨ੍ਹਾਂ 'ਤੇ ਜ਼ੁਲਮ ਦੀ ਮਨਾਹੀ ਸੀ।ਡਾ. ਸਵਿਟਜ਼ਰ ਦਾ ਕਹਿਣਾ ਸੀ, " ਸਾਨੂੰ ਸੀਮਾਰਹਿਤ ਧਰਮ ਦੀ ਜ਼ਰੂਰਤ ਹੈ ਜਿਸ ਵਿੱਚ ਜਾਨਵਰ ਵੀ ਸ਼ਾਮਿਲ ਹੋਣ"। ਉਸ ਦਾ ਜੀਵਨ ਦਰਸ਼ਨ ਸੀ, " ਸਾਰੇ ਜੀਵਾਂ ਦਾ ਸਤਿਕਾਰ" ਜਿਸ ਦਾ ਮੂਲ ਹੈ ਕਿ ਜਦੋਂ ਸਾਰੇ ਜੀਵਾਂ ਦਾ ਜਨਮਦਾਤਾ ਪਰਮਾਤਮਾ ਹੈ ਤਾਂ ਉਨ੍ਹਾਂ ਨੂੰ ਮਾਰਨ ਜਾਂ ਤੰਗ ਕਰਨ ਦਾ ਅਧਿਕਾਰ ਸਾਨੂੰ ਨਹੀਂ।ਅਲਬਰਟ ਦਾ ਵਿਚਾਰ ਸੀ, " ਸਿਹਤ, ਬੁੱਧੀ, ਯੋਗਤਾ, ਸਫ਼ਲਤਾ, ਸੁਹਾਵਣਾ ਬਚਪਨ ਅਤੇ ਵਧੀਆ ਘਰੇਲੂ ਹਾਲਤਾਂ ਪੱਖੋਂ ਜੋ ਕੁੱਝ ਵੀ ਤੁਸੀਂ ਦੂਜਿਆਂ ਨਾਲੋਂ ਵੱਧ ਪ੍ਰਾਪਤ ਕੀਤਾ ਹੈ ਉਸ ਨੂੰ ਆਪਣਾ ਹੱਕ ਨਾ ਸਮਝੋ। ਤੁਹਾਨੂੰ ਇਸ ਦੀ ਕੀਮਤ ਚੁਕਾਉਣੀ ਚਾਹੀਦੀ ਹੈ। ਇਸ ਦੇ ਇਵਜ਼ਾਨੇ ਵਜੋਂ ਤੁਹਾਨੂੰ ਦੂਜਿਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਵੱਡੀ ਕੁਰਬਾਨੀ ਕਰਨੀ ਚਾਹੀਦੀ ਹੈ"।

ਅਲਬਰਟ 4 ਸਤੰਬਰ 1965 ਨੂੰ 90 ਸਾਲ ਦੀ ਉਮਰ ਵਿੱਚ ਅਕਾਲਚਲਾਣਾ ਕਰ ਗਏ ਜਦੋਂ ਅਜੇ ਉਹ ਆਪਣੇ ਮੈਡੀਕਲ ਮਿਸ਼ਨ ਵਿੱਚ ਰੁੱਝੇ ਹੋਏ ਸਨ। ਉਸ ਨੂੰ ਲੰਬਾਰਨ ਵਿਖੇ ਉਸ ਦੀ ਪਤਨੀ ਹੈਲਨ ਬਰੈਸਲੂ ਦੀ ਕਬਰ ਪਾਸ ਹੀ ਦਫਨਾਇਆ ਗਿਆ ਜੋ ਕਿ ਜੂਨ 1957 ਵਿੱਚ ਸਵਰਗਵਾਸ ਹੋ ਗਈ ਸੀ। ਉਨ੍ਹਾਂ ਦੀ ਇੱਕ ਬੇਟੀ, ਰ੍ਹੇਨਾ ਹੈ।

## ਸ਼ਰਧਾਂਜਲੀ

ਹਜ਼ਾਰਾਂ ਸੰਗੀਤਪ੍ਰੇਮੀਆਂ ਦੇ ਦਿਲ ਦੀ ਧੜਕਣ **ਸੂਫੀ ਗਾਇਕ ਪਿਆਰੇ ਲਾਲ** 8 ਮਾਰਚ 2018 ਨੂੰ 69 ਸਾਲ ਦੀ ਉਮਰ ਵਿੱਚ ਇਸ ਜਗਤ ਤੋਂ ਵਿਦਾ ਹੋ ਗਏ ਹਨ। ਵੱਡੇ ਭਰਾ ਪੂਰਨ ਚੰਦ ਵਡਾਲੀ ਅਤੇ ਪਿਆਰੇ ਲਾਲ ਦੀ ਜੋੜੀ 'ਬਡਾਲੀ ਬ੍ਰਦਰਜ਼' ਵਜੋਂ ਪੂਰੇ ਭਾਰਤ ਵਿੱਚ ਪ੍ਰਸਿੱਧ ਹੋਈ। ਛੋਟੇ ਹੁੰਦਿਆਂ ਪਿੰਡ ਦੀ ਰਾਸਲੀਲਾ ਵਿੱਚ ਕ੍ਰਿਸ਼ਨ ਦਾ ਰੋਲ ਨਿਭਾਉਂਦਿਆਂ ਉਨ੍ਹਾਂ ਨੇ ਕਸਾਸਕੀ ਸੰਗੀਤ ਵਿੱਚ ਬੁਲੰਦੀਆਂ ਨੂੰ ਛੁਹਿਆ।ਅੰਮ੍ਰਿਤਸਰ ਦੇ ਨੇੜਲੇ ਪਿੰਡ ਗੁਰੂ ਕੀ ਵਡਾਲੀ ਦੇ ਪਿਤਾ ਠਾਕੁਰ ਦਾਸ ਅਤੇ ਮਾਤਾ ਭਾਨ ਕੌਰ ਦੇ ਘਰ ਜਨਮੇ ਦੋਵੇਂ ਭਰਾਵਾਂ ਨੇ ਕਾਫ਼ੀਆ, ਗਜ਼ਲਾਂ, ਕਵਾਲੀਆਂ ਅਤੇ ਭਜਨ ਗਾਇਕੀ ਅਤੇ ਠੁਮਰੀ ਵਿੱਚ ਆਪਣਾ ਵਿਲੱਖਣ ਸਥਾਨ ਬਣਾਇਆ ਹੈ। ਉਨ੍ਹਾਂ ਨੇ ਬਾਲੀਵੁੱਡ ਫਿਲਮਾਂ ਲਈ ਵੀ ਗੀਤ ਗਾਏ। ਆਪਣੀ ਕਲਾਸੀਕਲ ਗਾਇਕੀ ਲਈ ਮਸ਼ਹੂਰ ਦੋਵੇਂ ਭਰਾ ਕਈ ਰਾਜ ਪੁਰਸਕਾਰਾਂ ਅਤੇ ਕੌਮੀ ਪੱਧਰ ਦੇ ਪੁਰਸਕਾਰਾਂ ਨਾਲ ਸਨਮਾਨਿਤ ਹੋਏ ਜਿਨ੍ਹਾਂ ਵਿੱਚ ਸੰਗੀਤ ਨਾਟਕ ਅਕੈਡਮੀ ਐਵਾਰਡ, ਤੁਲਸੀ ਐਵਾਰਡ, ਪੰਜਾਬ ਸੰਗੀਤ ਨਾਟਕ ਅਕੈਡਮੀ ਐਵਾਰਡ ਅਤੇ ਪਦਮ ਸ਼੍ਰੀ ਐਵਾਰਡ ਸ਼ਾਮਿਲ ਹਨ। ਪਿਆਰੇ ਲਾਲ ਦੇ ਜਾਣ ਨਾਲ ਪੰਜਾਬੀ ਗਾਇਕੀ ਨੂੰ ਨਾਪੂਰਨਯੋਗ ਘਾਟਾ ਪਿਆ ਹੈ



## ਕਵਿਤਾ

ਗੁਰਮਾਨ ਸੈਣੀ

ਬਹੁਤ ਦਿਨਾਂ ਬਾਅਦ  
ਮਿਲਿਆ ਮੈ ਆਪਣੇ ਆਪ ਨੂੰ।  
ਆਪਣੇ ਆਪ ਨੂੰ ਲੱਭਣ ਲਈ  
ਪਿਛਲੇ ਕਈ ਵਰ੍ਹਿਆਂ ਵਿੱਚ  
ਗਾਹ ਮਾਰਿਆ ਮੈਂ ਮਨ ਦਾ ਜੰਗਲ  
ਰੁਜ਼ਗਾਰ ਤੇ ਸਥਾਪਤੀ ਦੀਆਂ  
ਵਿੰਗ-ਤੜਿੰਗੀਆਂ ਡੰਡੀਆਂ 'ਚ ਫਸਿਆ ਮੈਂ  
ਝਰੀਟੀਆਂ ਗਈਆਂ ਮਨ ਦੀਆਂ  
ਨਿੱਕੀਆਂ ਨਿੱਕੀਆਂ ਕੋਮਲ ਪੱਤੀਆਂ....  
ਬਹੁਤ ਦਿਨਾਂ ਬਾਅਦ  
ਮਿਲਿਆ ਮੈਂ ਆਪਣੇ ਆਪ ਨੂੰ  
ਕਲ-ਕਲ ਕਰਦੀ ਨਦੀ 'ਚ ਪੈਰ ਪਾਏ  
ਪੱਛਮ ਡਿਗ ਰਹੇ ਸੂਰਜ ਦੀ ਲਾਲਿਮਾ 'ਚ  
ਵੇਖਿਆ ਮੈਂ ਚੌਗਿਰਦੇ ਨੂੰ ਰੁਸ਼ਨਾਉਂਦਿਆਂ  
ਰੁਮਕਦੀ ਪੌਣ ਵਿੱਚ ਸੁਣੀ ਮੈਂ  
ਖਜੂਰਾਂ ਦੇ ਪੱਠਿਆਂ ਦੀ ਸਰਸਰਾਹਟ  
ਬੀਂਡਿਆਂ ਦੀ ਟੀਂਅ ਟੀਂਅ  
ਮੋਰਾਂ ਦਾ ਕੂਕਣਾ ਤੇ

## ਸ਼ਰਧਾਂਜਲੀ

ਮਨੁੱਖੀ ਅਧਿਕਾਰਾਂ ਦੀ ਆਲੰਬਰਦਾਰ **ਅਸਮਾ ਜਹਾਂਗੀਰ** ਚਾਰ ਦਹਾਕੇ ਤੋਂ ਵੱਧ ਸਮੇਂ ਤੱਕ ਗਰੀਬਾਂ, ਲਾਚਾਰਾਂ, ਨਿਤਾਣਿਆਂ ਤੇ ਨਿਹੱਕਿਆਂ ਨੂੰ ਇਨਸਾਫ ਦੁਆਉਣ ਲਈ ਲੜਦਿਆਂ ਮਹਿਜ 66 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ ਹੈ। ਉਹ ਸੀ ਤਾਂ ਭਾਵੇਂ ਪਾਕਿਸਤਾਨੀ ਨਾਗਰਿਕ ਪਰ ਉਸ ਨੇ ਮਾਨਵੀ ਅਧਿਕਾਰਾਂ ਲਈ ਆਪਣੇ ਸੰਘਰਸ਼ 'ਤੇ ਕਦੇ ਵੀ ਵਤਨਪ੍ਰਸਤੀ ਦੀ ਰੰਗਤ ਨਹੀਂ ਚੜ੍ਹਨ ਦਿੱਤੀ। ਉਹ ਅਸਲ ਮਾਅਨਿਆਂ ਵਿੱਚ ਵਿਸ਼ਵ ਨਾਗਰਿਕ ਸੀ। ਅਸਮਾ ਸੂਝਵਾਨ, ਸਜੱਗ, ਸਿਧਾਂਤਵਾਦੀ, ਦਲੇਰ ਤੇ ਬੇਖ਼ੌਫ ਵਕੀਲ ਸੀ ਜੋ ਅਦਾਲਤ ਦੇ ਅੰਦਰ ਵੀ ਅਤੇ ਬਾਹਿਰ ਵੀ ਇਕੱਲਿਆਂ ਜੂਝਦੀ ਰਹੀ। ਪਾਕਿਸਤਾਨੀ ਸਿਵਲ ਸੁਸਾਇਟੀ ਦਾ ਉਹ ਅਹਿਮ ਅੰਗ ਸੀ, ਪਰ ਟੀ ਵੀ ਚੈਨਲਾਂ ਦੀਆਂ ਬਹਿਸਾਂ ਦਾ ਸ਼ਿੰਗਾਰ ਬਣਨ ਜਾਂ ਪੰਜ ਸਿਤਾਰਾ ਇਕੱਤਰਤਾਵਾਂ ਤੋਂ ਉਸ ਨੇ ਸਦਾ ਗੁਰੇਜ਼ ਕੀਤਾ। ਦਰਅਸਲ ਫੌਜੀ ਤਾਨਾਸ਼ਾਹਾਂ ਤੇ ਜੁੱਗਗਰਦਾਂ ਨਾਲ ਜੂਝਣਾ ਉਸ ਨੂੰ ਵਿਰਸੇ ਵਿੱਚ ਹੀ ਮਿਲਿਆ ਸੀ। ਅਸਮਾ ਨੇ ਵੀ ਪਾਕਿਸਤਾਨੀ ਤਾਨਾਸ਼ਾਹ ਜਨਰਲ ਜ਼ਿਆ ਉੱਲ ਹੱਕ ਅਤੇ ਜਨਰਲ ਪ੍ਰਵੇਜ਼ ਮੁਸ਼ੱਰਫ ਦੀਆਂ ਜੇਲ੍ਹਾਂ ਕੱਟੀਆਂ ਤੇ ਪਾਕਿਸਤਾਨ ਵਿਚਕਾਰ ਕੜਵਾਹਟ ਨੂੰ ਖਤਮ ਕਰਨ ਲਈ ਹਮੇਸ਼ਾਂ ਹੀ ਯਤਨਸ਼ੀਲ ਰਹੀ।

ਸੈਣੀ ਸ਼ਖ਼ਸ਼ੀਅਤ

# ਕਵਿਤਾ ਤੇ ਕਾਵਿ ਚਿੱਤਰ ਦਾ ਸੁਮੇਲ- ਡਾ.ਅਜੀਤ ਕੰਵਲ ਸਿੰਘ ਹਮਦਰਦ

ਜਿਸ ਸ਼ਖ਼ਸ਼ੀਅਤ ਦੇ ਨਾਂ ਨਾਲ ਪਿਛੇਤਰ ' ਹਮਦਰਦ' ਜੁੜਿਆ ਹੋਵੇ ਉਸ ਦੀ ਪਹਿਚਾਣ ਕਰਨ ਲਈ ਕਿਸੇ ਪੁੱਛਗਿੱਛ ਦੀ ਲੋੜ ਨਹੀਂ ਪੈਂਦੀ। ਇਸ ਸ਼ਬਦ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁਦਈ ਗਜ਼ਲਕਾਰ ਅਤੇ ਅਜੀਤ ਅਖ਼ਬਾਰ ਦੇ ਮੋਢੀ ਮਾਲਕ-ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਨੇ ਸਦੀਵਤਾ ਬਖ਼ਸ਼ੀ ਹੈ। ਇਸ ਲਈ ਜਿਉਂ ਹੀ ਸਮਾਚਾਰ ਪੱਤਰ ਵਿੱਚ ਡਾ. ਅਜੀਤ ਕੰਵਲ ਸਿੰਘ ਹਮਦਰਦ ਦੀ ਕਾਵਿ ਚਿੱਤਰ ਪ੍ਰਦਰਸ਼ਨੀ ਬਾਰੇ ਪੜ੍ਹਿਆ ਤਾਂ ਇਕਦਮ ਇਸ ਪਰਿਵਾਰ ਦਾ ਖਿਆਲ ਦਿਮਾਗ ਵਿੱਚ ਆਇਆ।

ਡਾ. ਅਜੀਤ ਕੰਵਲ ਸਿੰਘ ਹਮਦਰਦ, ਸ. ਸਾਧੂ ਸਿੰਘ ਹਮਦਰਦ ਦੇ ਵੱਡੇ ਸਪੁੱਤਰ ਸ. ਜਤਿੰਦਰ ਸਿੰਘ ਹਮਦਰਦ ਦੇ ਬੇਟੇ ਹਨ। ਇਨ੍ਹਾਂ ਨੂੰ ਪੱਤ੍ਰਕਾਰਤਾ ਦੀ ਗੁੜ੍ਹਤੀ ਤਾਂ ਜਨਮ ਤੋਂ ਹੀ ਮਿਲੀ ਹੈ, ਜਿਸ ਲਈ ਇਸ ਵਿਸ਼ੇ ਵਿੱਚ ਪੋਸਟਗ੍ਰੈਜੁਏਸ਼ਨ ਕਰਨ ਉਪਰੰਤ ਪੀ.ਐਚ.ਡੀ. ਵੀ ਕਰ ਲਈ। ਆਪ ਨੇ ਡੇਢ ਕੁ ਸਾਲ ਡੀ.ਏ.ਵੀ. ਕਾਲਿਜ ਜਲੰਧਰ ਵਿੱਚ ਪੰਜਾਬੀ ਦੇ ਲੈਕਚਰਾਰ ਦੀ ਨੌਕਰੀ ਕਰਨ ਤੋਂ ਬਾਅਦ ਸਾਢੇ ਚਾਰ ਸਾਲ ਦੇ ਲੱਗਭੱਗ ਗੁਰੁ ਨਾਨਕ ਦੇਵ ਯੂਨੀਵਰਸਿਟੀ ਕਾਲਿਜ ਜਲੰਧਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਜਰਨੇਲਿਜ਼ਮ ਦੇ ਲੈਕਚਰਾਰ ਵਜੋਂ ਅਧਿਆਪਨ ਸੇਵਾ ਕੀਤੀ। ਸੰਨ 1997 ਵਿੱਚ ਆਪਣੇ ਅਸਲ ਕਿੱਤੇ ਵਿੱਚ ਮੁੜੇ ਅਤੇ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਲਈ ਚੁਣੇ ਗਏ। ਇਸ ਸਮੇਂ ਡਾ. ਹਮਦਰਦ ਚੰਡੀਗੜ੍ਹ ਵਿਖੇ ਇਸ ਵਿਭਾਗ ਦੇ ਡਿਪਟੀ ਡਾਇਰੈਕਟਰ ਹਨ ਅਤੇ # 1368, ਸੈਕ.28 ਚੰਡੀਗੜ੍ਹ 'ਚ ਰਹਿੰਦੇ ਹਨ।

ਡਾ.ਹਮਦਰਦ ਬਾਰੇ ਮਦਨਦੀਪ ਸਿੰਘ ਲਿਖਦੇ ਹਨ, " ਚਿੱਤਰਾਂ ਨੂੰ ਦੇਖ ਕੇ ਅਤੇ ਅਜੀਤ ਕੰਵਲ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਮੇਰੇ ਖਿਆਲ ਵਿੱਚ ਆ ਰਿਹਾ ਹੈ ਕਿ ਕਵਿਤਾ ਲਿਖਣ ਦੀ ਪ੍ਰਕ੍ਰਿਆ ਮੌਕੇ ਕਵੀ ਦੇ ਮਨ'ਚ ਸ਼ਿੱਦਤ ਦੀ ਜੋ ਹਰਾਰਤ ਹੁੰਦੀ ਹੈ, ਉਸ ਮੁਤਾਬਕ ਹੀ ਕਵਿਤਾ ਰੂਪਮਾਨ ਹੁੰਦੀ ਹੈ।......ਜੀਵਨ ਦੇ ਯਥਾਰਥ ਨਾਲ ਜੁੜੇ ਅਜੀਤ ਦੀ ਕਵਿਤਾ ਵਿੱਚ ਚੰਗੇ ਆਚਰਨ ਦੇ ਨਿਰਾਦਰ ਦੀ ਆਤਮਿਕਤਾ ਦੀ ਝਲਕ ਹੈ। ਉਹ ਨਿਰਾਸ਼ ਨਹੀਂ ਉਸ ਵਿੱਚ ਅਕਰੋਸ਼ ਜਾਗਦਾ ਹੈ। ਉਸ ਦੀਆਂ ਕਵਿਤਾਵਾਂ ਪੜ੍ਹਦਿਆਂ ਲਗਦਾ ਹੈ ਕਿ ਉਸ ਦੀ ਇਹ ਪੀੜਾ ਉਸ ਲਈ ਜੀਵਨ ਦੀ ਸਿਰਜਨਾਤਮਕਤਾ ਸ਼ਕਤੀ ਜ਼ਰੁਰ ਬਣੇਗੀ। ਉਹ ਸਹਿਜ ਹੋ ਕੇ ਲੋਕ-ਜੀਵਨ ਦੇ ਹੋਰ ਕਰੀਬ ਪਹੁੰਚਣ ਦਾ ਯਤਨ ਜ਼ਰੁਰ ਕਰੇਗਾ। ਉਸ ਨੂੰ ਇਹ ਅਹਿਸਾਸ ਹੋਵੇਗਾ ਕਿ ਨਿਜੀ ਪੀੜ, ਵੇਦਨਾ, ਸੋਗ, ਨਿਰਾਸ਼ਾ ਅਤੇ ਗੁੱਸਾ ਹੀ ਜੀਵਨ ਦਾ ਸਤਿ ਨਹੀਂ ਹੈ। ਉਸ ਦੀ ਨਬਾਲਗ ਕਵਿਤਾ ਨੇ ਹਾਲੇ ਬਾਲਗ ਹੋਣਾ ਹੈ ਅਤੇ ਜੀਵਨ ਦੇ ਉਸ ਸੱਚ ਨੂੰ ਸਮਝਣਾ ਹੈ, ਜਿੱਥੇ ਭੌਤਿਕ ਅਤੇ ਪਰਾਭੌਤਿਕ ਤੱਤਾਂ ਤੋਂ ਅੱਗੇ, ਜਿੱਥੇ ਸਵੈ ਦੇ ਵਜੂਦ ਦਾ ਕੋਈ ਸੰਕਟ ਨਹੀਂ"। ਇਸ ਪ੍ਰਦਰਸ਼ਨੀ ਨੂੰ ਵੇਖਣ 'ਤੇ ਡਾ. ਸੁਰਜੀਤ ਪਾਤਰ ਨੇ ਡਾ. ਹਮਦਰਦ ਦੀ ਸ਼ਲਾਘਾ ਕਰਦਿਆਂ ਕਿਹਾ, " ਇਹ ਬਹੁਤ ਸੋਹਣਾ ਦੋ ਹੁਨਰਾਂ ਦਾ ਸੁਮੇਲ ਹੈ। ...ਪੰਜਾਬੀ ਦੇ ਅੱਖਰ ਤਸਵੀਰ ਦਾ ਹਿੱਸਾ ਬਣ ਕੇ ਬਹੁਤ ਚੰਗੇ ਲੱਗੇ"। ਇੱਥੇ ਪਾਠਕਾਂ ਨੂੰ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਡਾ. ਹਮਦਰਦ ਦੀਆਂ ਕਿਰਤਾਂ ਦੀ ਕਾਵਿ-ਚਿੱਤਰ ਪ੍ਰਦਰਸ਼ਨੀ 13-15 ਜਨਵਰੀ 2018 ਤੱਕ ਕਲਾ ਭਵਨ ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਉਸ ਦੀਆਂ 50 ਤੋਂ ਵੱਧ ਕਵਿਤਾਵਾਂ ਚਿੱਤਰਾਂ ਸਮੇਤ ਪੇਸ਼ ਕੀਤੀਆਂ ਗਈਆਂ ਸਨ।



ਡਾ. ਅਜੀਤ ਕੰਵਲ ਸਿੰਘ ਹਮਦਰਦ ਦੀ ਕਵਿਤਾ ਵਿੱਚ ਸੂਖਮਤਾ ਅਤੇ ਸੰਵੇਦਨਾ ਹੈ, ਮਿਸਾਲ ਵਜੋਂ-

ਸੰਦੂਕ ਬਰਦੀ ਵਾਲਾ,
ਪਿੰਡ ਉਸ ਦੇ ਜਦ ਪੁੱਜਾ ਸੀ।
ਡੌਰ-ਭੌਰ ਸੀ ਟੱਬਰ ਸਾਰਾ,
ਬਾਪੂ ਨਾ ਕੁੱਝ ਸੁੱਝਾ ਸੀ।......

ਤੇਰੇ ਉੱਚੇ ਕੱਦ ਦਾ
ਕੀ ਕਰੀਏ ?
ਤੇਰੇ ਵੱਡੇ ਦਿਲ ਦਾ
ਕੀ ਕਰੀਏ ?
ਜਦ ਘਰ ਦੇ
ਦਰ ਹੀ ਛੋਟੇ ਨੇ।.......

ਮੇਰੇ ਇਮਾਨ ਦਾ ਯਾਰੋ,
ਮੁੱਲ ਉੱਚਾ ਪੈ ਗਿਆ।
ਕੱਲ੍ਹ ਵੀ ਮੈਂ ਕੱਲਾ ਸੀ,
ਅੱਜ ਫੇਰ ਕੱਲਾ ਰਹਿ ਗਿਆ।......

ਡਾ. ਅਜੀਤ ਕੰਵਲ ਸਿੰਘ ਹਮਦਰਦ ਦੀ ਪਹਿਚਾਣ ਨੂੰ 'ਸੈਣੀ ਸੰਸਾਰ' ਮੈਗਜ਼ੀਨ ਵਿੱਚ ਛਾਪ ਕੇ ਸੰਪਾਦਕੀ ਟੀਮ ਫ਼ਖ਼ਰ ਮਹਿਸੂਸ ਕਰਦੀ ਹੈ। ਇਸ ਦੇ ਨਾਲ ਹੀ ਸੈਣੀ ਭਵਨ ਰੁਪਨਗਰ ਦੇ ਪ੍ਰਬੰਧਕ ਇਸ ਪ੍ਰਦਰਸ਼ਨੀ ਲਈ ਵਧਾਈ ਦਿੰਦਿਆਂ ਆਪ ਨੂੰ ਬੁਲੰਦੀਆਂ 'ਤੇ ਪਹੁੰਚਣ ਲਈ ਅਰਦਾਸ ਕਰਦੇ ਹਨ।

### ਅਣਗੌਲਿਆ ਸੈਣੀ ਸੁਤੰਤਰਤਾ ਸੰਗ੍ਰਾਮੀ ਤੇ ਗੁਰਮਤਿ ਦਾ ਗਿਆਤਾ

# ਗਿਆਨੀ ਰਤਨ ਸਿੰਘ (ਸਹੌੜਾਂ)

ਮਨਮੋਹਨ ਸਿੰਘ
ਦਾਊਂ

ਖਰੜ ਤੋਂ ਰੋਪੜ ਹਾਈਵੇ ਮਾਰਗ 'ਤੇ ਪਿੰਡ ਸਹੌੜਾਂ ਖੱਬੇ ਹੱਥ ਸੜਕ ਤੋਂ ਹਟਵਾਂ ਸਥਿਤ ਹੈ। ਇਸ ਪਿੰਡ ਦੇ ਸ.ਰਤਨ ਸਿੰਘ ਦਾ ਜਨਮ 18 ਅਗਸਤ, 1900 ਨੂੰ ਸੈਣੀ ਪਰਿਵਾਰ ਵਿੱਚ ਪਿਤਾ ਸੰਤ ਸਿੰਘ ਦਫ਼ੇਦਾਰ ਅਤੇ ਮਾਤਾ ਗਣੇਸ਼ ਕੌਰ ਦੀ ਕੁੱਖੋਂ ਉੜੀਸਾ ਰਾਜ ਵਿੱਚ ਹੋਇਆ, ਜਿੱਥੇ ਆਪ ਦੇ ਪਿਤਾ 32 ਲਾਂਸਰਜ ਵਿੱਚ ਦਫੇਦਾਰ ਸਨ। ਗੁਰਮਤਿ ਦੀ ਲਗਨ ਆਪ ਨੂੰ ਆਪਣੇ ਪਿਤਾ ਤੋਂ ਲੱਗੀ , ਜਿਹਨਾਂ ਨੇ 1912 ਵਿੱਚ ਫੌਜ ਤੋਂ ਸੇਵਾ ਮੁਕਤ ਹੋਣ ਉਪਰੰਤ ਪਿੰਡ ਸਹੌੜਾਂ ਆ ਕੇ ਖੇਤੀ ਦੇ ਕੰਮਾਂ ਦੇ ਨਾਲ ਨਾਲ ਸਿੱਖੀ ਪ੍ਰਚਾਰ ਦਾ ਕੰਮ ਪੂਰੇ ਜੋਰ ਸ਼ੋਰ ਨਾਲ ਸ਼ੁਰੂ ਕੀਤਾ। ਸਾਰੀਆਂ ਧਾਰਮਿਕ ਸਰਗਰਮੀਆਂ ਵਿੱਚ ਗਿਆਨੀ ਜੀ ਨੂੰ ਉਹਨਾਂ ਨੇ ਆਪਣੇ ਨਾਲ ਰੱਖਿਆ। ਆਪ ਜੀ ਅਪਣੇ ਪਿਤਾ ਨਾਲ ਖੇਤੀ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਅਤੇ ਨਾਲ ਹੀ ਖਰੜ ਵਿਖੇ ਪੜ੍ਹਾਈ ਕਰਦੇ ਰਹੇ । ਆਪ ਬਹੁਤ ਸਾਦਾ ਖਾਣਾ ਖਾਂਦੇ ਸਨ । ਖੱਦਰ ਦੀ ਚਿੱਟੀ ਦਸਤਾਰ ਤੇ ਖੱਦਰ ਪਹਿਨਦੇ ਸਨ। ਆਪ ਦਾ ਸੁਭਾਅ ਬੜਾ ਨਿਮਰ ਤੇ ਮਿਲਾਪੜਾ ਸੀ ।

ਗਿਆਨੀ ਰਤਨ ਸਿੰਘ 1916 ਵਿੱਚ ਫੌਜ ਦੇ 32 ਲਾਂਰਸਜ ਵਿੱਚ ਭਰਤੀ ਹੋਏ ਤੇ ਛੇਤੀ ਹੀ ਫੌਜ ਦੇ ਤਰੱਕੀ ਕੋਰਸ ਕਰਕੇ ਲਾਂਸ ਦਫੇਦਾਰ ਬਣ ਗਏ। ਇਹਨਾਂ ਦਿਨਾਂ ਵਿੱਚ ਫੋਜ ਵਿੱਚ ਕਿਰਪਾਨ ਪਹਿਨਣ ਦਾ ਮਸਲਾ ਉਠਿਆ ਅਤੇ ਸਿੱਖ ਫੋਜੀਆਂ ਦੇ ਕ੍ਰਿਪਾਨ ਪਹਿਨਣ ਤੇ ਪਾਬੰਦੀ ਲਗ ਗਈ, ਜਿਸ ਦਾ ਵਿਰੋਧ ਕਰਦਿਆਂ ਆਪ ਨੇ ਫੌਜ ਛੱਡਣ ਦਾ ਫੈਸਲਾ ਕੀਤਾ ਅਤੇ ਦੋ ਸਾਲ ਸੱਤ ਮਹੀਨੇ 13 ਦਿਨ ਦੀ ਸਰਵਿਸ ਕਰ ਕੇ 31 ਮਾਰਚ ,1919 ਨੂੰ ਨਸ਼ੀਰਾਵਾਦ ਤੋਂ ਸੇਵਾ-ਮੁਕਤ ਹੋ ਗਏ ਅਤੇ ਪੂਰੀ ਤਰ੍ਹਾਂ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਸਰਗਰਮ ਹੋ ਗਏ। ਇਹਨਾਂ ਸਰਗਰਮੀਆਂ ਕਾਰਨ ਆਪ ਜੀ ਦੇ ਪਰਿਵਾਰ ਨੂੰ ਪੁਲਿਸ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ ਪ੍ਰੰਤੂ ਪਿਤਾ ਨੇ ਆਪਣੇ ਪੁੱਤਰ ਤੋਂ ਮੂੰਹ ਨਾ ਮੋੜਿਆ ਅਤੇ ਸਰਕਾਰੀ ਜ਼ੁਲਮ ਸਿਰ ਮੱਥੇ 'ਤੇ ਝੱਲਿਆ। ਆਪ ਜੀ ਦੀ ਸ਼ਾਦੀ ਪਿੰਡ ਖੇੜੀ ਸਲਾਬਤ ਪੁਰ ( ਜ਼ਿਲ੍ਹਾ ਰੂਪਨਗਰ) ਦੇ ਗੁਰਸਿੱਖ ਪਰਿਵਾਰ ਵਿੱਚ ਸਰਦਾਰ ਮੇਲਾ ਸਿੰਘ ਦੀ ਸਪੁੱਤਰੀ ਦਿਆਲ ਕੌਰ ਨਾਲ ਹੋਈ। ਆਪ ਦੇ ਦੋ- ਬੇਟੇ ਹਰਿੰਦਰ ਸਿੰਘ ਤੇ ਜੀਵਨ ਸਿੰਘ ਹੋਏ।

ਗਿਆਨੀ ਰਤਨ ਸਿੰਘ ਨੇ ਭਰੇ ਇਕੱਠ ਵਿੱਚ ਸਰਕਾਰ ਵਿਰੁੱਧ ਤਕਰੀਰਾਂ ਕਰ ਕੇ ਲੋਕਾਂ ਵਿੱਚ ਜੋਸ਼ ਭਰਨਾ ਅਤੇ ਪੁਲਿਸ ਨੂੰ ਧੋਖਾ ਦੇ ਕੇ ਨਿਕਲ ਜਾਣਾ, ਆਪ ਜੀ ਦੀ ਵਿਸ਼ੇਸ਼ਤਾ ਸੀ। ਪੁਲਿਸ ਹਰ ਸਮੇ ਆਪ ਦਾ ਪਿੱਛਾ ਕਰਦੀ ਰਹਿੰਦੀ ਸੀ। 13 ਅਪ੍ਰੈਲ , 1922 ਨੂੰ ਮਾਨਸਾ ਦੇਵੀ ਦੇ ਮੇਲੇ 'ਤੇ ਦਫ਼ਾ 144 ਤੋੜਦਿਆਂ ਆਪ ਜੀ ਨੇ ਕਾਨਫੰਰਸ ਦਾ ਆਯੋਜਨ ਕੀਤਾ। ਸਟੇਜ ਸਕੱਤਰ ਵੱਜੋ ਅੰਗਰੇਜ਼ ਸਰਕਾਰ ਵਿੱਰੁਧ ਪ੍ਰਚਾਰ ਕਰਦਿਆਂ, ਆਪ ਨੂੰ 6 ਸਾਥੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਅਤੇ ਚੰਡੀ ਮੰਦਰ ਦੇ ਸਪੈਸ਼ਲ ਜੱਜ ਨੇ ਦੋ ਸਾਲ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਪਹਿਲਾਂ ਆਪ ਨੂੰ ਅੰਬਾਲਾ ਜੇਲ੍ਹ ਤੇ ਬਾਅਦ ਵਿੱਚ ਤਸ਼ਦੱਦ ਲਈ ਮਸ਼ਹੂਰ ਮਿੰਟਗੁਮਾਰੀ ਅਤੇ ਮੁਲਤਾਨ ਜੇਲ੍ਹਾਂ ਵਿੱਚ ਭੇਜਿਆ ਗਿਆ। ਮੁਲਤਾਨ ਜੇਲ੍ਹ ਵਿੱਚ ਗੋਕਲ ਚੰਦ ਦਰੋਗੇ ਨੇ ਅੰਗਰੇਜ਼ ਸੁਪਰਡੈਂਟ ਜੇਲ੍ਹ ਮਿਸਟਰ ਟਿਊਰ ਨੂੰ ਖੜੇ ਹੋ ਕੇ ਸਲਾਮ ਨਾ ਕਰਨ ਅਤੇ ਪਰੇਡ ਲਗਾ ਕੇ ਆਪਣੇ ਕੱਪੜੇ ਨਾ ਦਿਖਾਉਣ ਦੇ ਦੋਸ਼ ਵਿੱਚ ਆਪ ਨੂੰ ਦੋ ਆਦਮੀਆਂ ਵੱਲੋਂ ਲੱਤਾਂ ਅਤੇ ਬਾਹਵਾਂ ਤੋਂ ਪਕੜ ਕੇ ਧਰਤੀ 'ਤੇ ਲਗਾਤਾਰ ਉਦੋਂ ਤੱਕ ਪਟਕਾਇਆ ਗਿਆ ਜਦੋ ਤੱਕ ਆਪ ਬੇਹੋਸ਼ ਨਾ ਹੋ ਗਏ ਤੇ ਬੇਹੋਸ਼ੀ ਵਿੱਚ ਹੀ ਬੰਦ ਕੋਠੀ ਵਿੱਚ ਸੁੱਟ ਦਿੱਤਾ ਗਿਆ। ਆਪ ਨੂੰ ਮਰਿਆ ਸਮਝ ਕੇ ਸਾਇਰਨ ਵਜਾ ਕੇ ਫੌਜ ਬੁਲਾ ਲਈ ਗਈ ਪਰੰਤੂ ਜ਼ਿੰਦਾ ਵੇਖ ਕੇ ਆਪ ਨੂੰ ਕੰਮ ਤੋਂ ਇਨਕਾਰੀ ਹੋਣ ਅਤੇ ਪਰੇਡ ਨਾ ਲਾਉਣ ਦੇ ਦੋਸ਼ ਵਿੱਚ 15 ਦਿਨ ਕੋਠੀ ਵਿੱਚ ਬੰਦ ਕੀਤਾ ਗਿਆ ਅਤੇ 18 ਸੇਰ ਆਟਾ ਰੋਜ਼ ਪੀਹਣ ਦੀ ਸਜ਼ਾ ਦਿੱਤੀ ਗਈ। ਅਜ਼ਾਦੀ ਲਹਿਰ ਦੇ ਇਹਨਾਂ ਮਰਜੀਵੜੇ ਕੈਦੀਆਂ ਨੂੰ ਰੋਜ਼ਾਨਾ ਸਰਕਾਰ ਤੋਂ ਮੁਆਫੀ ਮੰਗਣ ਲਈ ਮਜਬੂਰ ਕੀਤਾ ਜਾਂਦਾ ਅਤੇ ਇਨਕਾਰ ਕਰਨ 'ਤੇ ਅੰਗਰੇਜ਼-ਪਿੱਠੂ ਇਹਨਾਂ 'ਤੇ ਟੁੱਟ ਪੈਂਦੇ। ਪੋਹ ਮਾਘ ਦੀਆਂ ਬਰਫ਼ੀਲੀਆਂ ਰਾਤਾਂ ਨੂੰ ਅੱਠ ਫੁੱਟ ਡੂੰਘੇ ਪਾਣੀ ਦੇ ਹੌਜਾਂ ਵਿੱਚ ਸੁੱਟ ਦੇਣਾ, ਨੰਗਿਆਂ ਕਰ ਕੇ ਦਰਵਾਜ਼ਿਆਂ ਦੀਆਂ ਸਲਾਖਾਂ ਨਾਲ ਬੰਨ੍ਹ ਕੇ ਏਨਾ ਮਾਰਿਆ ਜਾਂਦਾ ਸੀ ਕਿ ਬਿਆਨ ਕਰਨਾ ਮੁਸ਼ਕਲ ਹੈ। ਅਣਮਨੁੱਖੀ ਤਸੀਹੇ ਦਿੱਤੇ ਜਾਂਦੇ-ਕੋਹਲੂ ਗੇੜਨੇ, ਮੁੰਝਾਂ ਕੁੱਟਣੀਆਂ, ਵਾਣ ਵੱਟਣੇ, ਪੁਰਾਣੇ ਕਾਗਜ਼ ਪਾਣੀ ਵਿੱਚ ਪੈਰਾਂ ਨਾਲ ਗਾਲਣੇ ਜਿਹਨਾ ਵਿੱਚ ਲੋਹੇ ਦੀਆਂ ਪਿੰਨਾਂ ਹੁੰਦੀਆਂ ਸਨ। ਇਹਨਾਂ ਨੂੰ ਗਾਲਦਿਆਂ ਪੈਰਾਂ ਨੇ ਲਹੂ ਲੁਹਾਨ ਹੋ ਜਾਣਾ। ਅਜਿਹੀਆਂ ਸਜ਼ਾਵਾਂ ਉਹਨਾਂ ਅਤੇ ਹੋਰ ਸਾਥੀਆਂ ਨੂੰ ਅਕਸਰ ਹੀ ਮਿਲਦੀਆਂ ਰਹਿੰਦੀਆਂ ਸਨ ਪ੍ਰੰਤੂ ਅਜ਼ਾਦੀ ਘੁਲਾਟੀਆਂ ਨੂੰ ਅਜਿਹੇ ਤਸੀਹੇ ਸਿਦਕ ਤੋਂ ਡੁਲਾ ਨਾ ਸਕੇ।



ਸੰਨ 1924 ਵਿੱਚ ਜੇਲ੍ਹ ਤੋਂ ਰਿਹਾ ਹੋਣ ਉਪਰੰਤ ਆਪ ਨੂੰ ਇਲਾਕੇ ਦੀਆਂ ਸੰਗਤਾਂ ਨੇ ਵਾਜਿਆਂ ਗਾਜਿਆਂ ਨਾਲ ਖਰੜ ਤੋਂ ਜਲੂਸ ਕੱਢ ਕੇ ਪਿੰਡ ਲਿਆਂਦਾ। ਉਦੋਂ ਆਪ ਦੀ ਉਮਰ

24 ਸਾਲ ਸੀ। ਆਪ ਦੀ ਵਿਗੜੀ ਸਿਹਤ ਨੂੰ ਦੇਖ ਕੇ ਪਿੰਡਾਂ ਦੇ ਲੋਕਾਂ ਨੇ ਦੁੱਧ ਇਕੱਠਾ ਕਰ ਕੇ ਖਾਣ ਲਈ ਪੰਜੀਰੀ ਤਿਆਰ ਕੀਤੀ ਅਤੇ ਪੂਰੀ ਸੇਵਾ ਕਰਕੇ ਤੰਦਰੁਸਤ ਕੀਤਾ। 1925 ਵਿੱਚ ਅਕਾਲ ਤਖਤ ਸਾਹਿਬ ਤੋਂ ਜੈਤੋ ਦੇ ਮੋਰਚੇ ਵਿੱਚ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਹੋਏ। ਜੂਨ 1926 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ । 3 ਅਕਤੂਬਰ ,1926 ਨੂੰ ਹੋਈ ਕਮੇਟੀ ਮੀਟਿੰਗ ਵਿੱਚ ਗਿਆਨੀ ਜੀ ਨੂੰ ਸਰਬ ਸੰਮਤੀ ਨਾਲ ਦਰਬਾਰ ਸਾਹਿਬ ਕਮੇਟੀ ਦਾ ਮੈਂਬਰ ਚੁਣਿਆ ਗਿਆ। ਗੁ:ਪ੍ਰਬੰਧਕ ਕਮੇਟੀ ਦੇ ਮੈਂਬਰ ਹੁੰਦਿਆਂ ਆਪ ਜੀ ਨੂੰ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਬਹਾਦੁਰ ਮਹਿਤਾਬ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਜੇਹੇ ਨਾਮਵਰ ਪੰਥਕ ਆਗੂਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਆਪ ਜੀ 1931 ਤੱਕ ਸ਼ੋਮਣੀ ਗੁ: ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਇਸੇ ਦੌਰਾਨ ਆਪ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 1928 ਵਿੱਚ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਮਈ 1928 ਤੋਂ ਅਧਿਆਪਨ ਦਾ ਕੰਮ ਖਾਲਸਾ ਹਾਈ ਸਕੂਲ ਰੋਪੜ ਤੋਂ ਆਰੰਭ ਕੀਤਾ ਜਿੱਥੇ ਆਪ ਨਵੰਬਰ 1929 ਤੱਕ ਰਹੇ ਅਤੇ ਬਾਅਦ ਵਿੱਚ ਸਤੰਬਰ 1943 ਤੱਕ ਖਾਲਸਾ ਹਾਈ ਸਕੂਲ ਚਮਕੌਰ ਸਾਹਿਬ ਵਿੱਚ ਪੜ੍ਹਾਉਦੇ ਰਹੇ। ਇਸ ਸਮੇ ਦੌਰਾਨ ਆਪ ਨੇ 1940 ਵਿੱਚ ਬਹੁਤ ਹੀ ਵਿੱਲਖਣ ਪੁਸਤਕ **'ਨਿਰਾਲੀ ਚਮਕ'** ਲਿਖ ਕੇ ਪੰਥ ਦਾ ਧਿਆਨ ਚਮਕੌਰ ਸਾਹਿਬ ਵਿਖੇ ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਇਤਿਹਾਸਕ ਵੱਲ ਦੁਆ ਕੇ ਉਸ ਦੀ ਮੁੜ ਉਸਾਰੀ ਦਾ ਉਪਰਾਲਾ ਕੀਤਾ। ਇਹ ਪੁਸਤਕ ਏਨੇ ਵਧੀਆ ਤਰੀਕੇ ਨਾਲ ਲਿਖੀ ਗਈ ਸੀ ਕਿ ਅੱਜ ਤਕ ਵੀ ਇਤਿਹਾਸ ਦੇ ਖੋਜੀ ਅਤੇ ਸ਼ਰਧਾਲੂ ਸਿੱਖ- ਪ੍ਰੇਮੀ ਉਹਨਾਂ ਦੇ ਪਰਿਵਾਰ ਤੋਂ ਮੰਗ ਕਰਦੇ ਰਹਿੰਦੇ ਹਨ। ਇਸ ਤੋਂ ਬਿਨਾਂ **'ਇਮਲੀ ਵਾਲੇ ਬਾਬਾ ਸੇਢਾ ਸਿੰਘ ਜੀ ਦੀ ਸੰਖੇਪ ਜੀਵਨੀ'** 1973 ਵਿੱਚ ਛਪਵਾਈ। ਆਰਥਿਕ ਤੰਗੀਆਂ ਕਾਰਨ ਆਪ ਜੀ ਦਾ ਅਣਛਪਿਆ ਗੁਰਮਤਿ ਸਾਹਿਤ ਲਗਭਗ 13 ਹੱਥਲਿਖਤ ਕਾਪੀਆਂ 'ਚ ਆਪ ਦੇ ਸਪੁੱਤਰ ਗਿਆਨੀ ਜੀਵਨ ਸਿੰਘ ਨੇ ਸੰਭਾਲਿਆ ਹੋਇਆ ਹੈ ਜਿਹਨਾਂ ਲਿਖਤਾਂ ਨੂੰ ਪੜ੍ਹ ਕੇ ਗੁਰਬਾਣੀ ਗਿਆਤਾ ਵਜੋਂ ਆਪ ਦੀ ਵਿਦਵਤਾ ਅਤੇ ਦ੍ਰਿਸ਼ਟੀ ਹੈਰਾਨ ਕਰ ਦੇਣ ਵਾਲੀ ਹੈ। ਸ੍ਰੀ ਚਮਕੌਰ ਸਾਹਿਬ ਤੋਂ ਬਾਅਦ ਪੰਜ ਸਾਲ ਖਾਲਸਾ ਹਾਈ ਸਕੂਲ ਅੰਬਾਲਾ ਸ਼ਹਿਰ ਵਿਖੇ ਸੇਵਾ ਨਿਭਾਈ ਅਤੇ ਇਥੇ ਰਹਿੰਦਿਆਂ ਦੇਸ਼ ਦੇ ਬਟਵਾਰੇ ਸਮੇ ਰਿਫੂਜੀ ਕੈਂਪਾਂ ਵਿੱਚ ਰਿਫੂਜੀਆਂ ਦੀ ਸਾਂਭ-ਸੰਭਾਲ ਵਿੱਚ ਫਿਊਜੀ-ਇੰਚਾਰਜ ਵੱਜੋਂ ਸ਼ਲਾਘਾਯੋਗ ਹਿੱਸਾ ਪਾਇਆ। ਕੈਂਪ ਕਮਾਂਡਰ ਅੰਬਾਲਾ ਸ਼ਹਿਰ ਨੇ 22 ਫਰਵਰੀ, 1948 ਨੂੰ ਬੇਹੱਦ ਮੁਸ਼ਕਿਲ ਹਾਲਾਤ ਵਿੱਚ ਕੰਮ ਕਰਨ ਲਈ ਆਪ ਨੂੰ ਪ੍ਰਸ਼ੰਸਾ ਪੱਤਰ ਜਾਰੀ ਕੀਤਾ।

ਆਪ ਖਾਲਸਾ ਹਾਇਰ ਸੈਕੰਡਰੀ ਸਕੂਲ ਦੇਵ ਨਗਰ ਦਿੱਲੀ ਵਿਖੇ 23 ਅਗਸਤ,1948 ਤੋਂ 1965 ਤੱਕ ਸ਼ਾਨਦਾਰ ਸੇਵਾਵਾਂ ਨਿਭਾ ਕੇ ਸੇਵਾ ਮੁਕਤ ਹੋਏ। ਰਿਟਾਇਰਡ ਹੋਣ ਬਾਅਦ ਆਪ ਨੇ ਕੁਝ ਸਮਾਂ ਬਲਦੇਵ ਸਿੰਘ ਮੈਮੋਰੀਅਲ ਸਕੂਲ ਖਰੜ ਵਿਖੇ ਅਧਿਆਪਕ ਵਜੋਂ ਸੇਵਾ ਕੀਤੀ। ਉਥੋਂ ਨੌਕਰੀ ਛੱਡ ਕੇ ਪਿੰਡ ਸਹੋੜਾਂ ਦੇ ਬ੍ਰਹਮਵੇਤਾ ਬਾਬਾ ਸੇਢਾ ਸਿੰਘ ਦੇ ਸਥਾਨ ਨੂੰ ਪਿੰਡ ਦੀ ਸਮੁੱਚੀ ਤਰੱਕੀ ਲਈ ਅਧਾਰ ਬਣਾਇਆ ਤੇ ਆਪਣਾ ਰਹਿੰਦਾ ਜੀਵਨ ਪਰਉਪਕਾਰ ਲਈ ਸਮਰਪਿਤ ਕਰ ਦਿੱਤਾ। ਆਪ ਦੀ ਉਮੰਗ ਸੀ ਕਿ ਇੱਥੇ ਲਾਇਬਰੇਰੀ, ਖੇਡਾਂ ਦਾ ਮੈਦਾਨ ਅਤੇ ਗੁਰਮਤਿ ਦੇ ਪਾਂਧੀਆਂ ਲਈ ਆਤਮਿਕ ਵਿਕਾਸ ਲਈ ਥਾਂ ਬਣਾਈ ਜਾਵੇ। ਸੋ ਆਪ ਨੇ ਤਿਆਗੀ ਵਜੋਂ ਇਸ ਸਥਾਨ 'ਤੇ ਡੇਰਾ ਲਾ ਲਿਆ। ਪਿੰਡ ਦੇ ਵਿਦਵਾਨ ਗਿਆਨੀ ਦਰਸ਼ਨ ਸਿੰਘ ਦੇ ਸਹਿਯੋਗ ਨਾਲ ਇੱਥੇ ਬਹੁਤ ਸਾਰੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਅਤੇ ਲਾਇਬਰੇਰੀ ਖੋਲ੍ਹ ਕੇ ਅੰਤਿਮ ਸਮੇਂ ਤੱਕ ਸੇਵਾ ਨਿਭਾਈ। ਦੇਸ਼ ਪ੍ਰਤੀ ਆਪ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਭਾਰਤ ਸਰਕਾਰ ਵੱਲੋਂ 15 ਅਗਸਤ 1972 ਨੂੰ ਅਤੇ 15 ਅਗਸਤ , 1988 ਨੂੰ ਆਪ ਨੂੰ **ਤਾਮਰ ਪੱਤਰ** ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ।

15 ਜਨਵਰੀ 1995, ਨੂੰ 'ਗੁਰਮੁੱਖ ਜਨਮ ਸਵਾਰ ਦਰਗਹਿ ਚਲਿਆ' ਮੁੱਖ ਵਾਕ ਅਨੁਸਾਰ ਆਪ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ।


*(ਗਿਆਨੀ ਜੀ ਦੇ ਅਣਛਪੇ ਲੇਖਾਂ ਨੂੰ ਤਰਤੀਬ ਦੇ ਕੇ ਮਨਮੋਹਨ ਸਿੰਘ ਦਾਊਂ ਨੇ ਪੁਸਤਕ "ਨੂਰੀ ਦਰ ਦਾ ਰੱਹਸ" 1ਜਨਵਰੀ 2018 ਨੂੰ ਪ੍ਰਕਾਸ਼ਿਤ ਕਰਵਾਈ ਹੈ।)

* * * * *

## ਸ਼ਰਧਾਂਜਲੀ

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਜ਼ਾਦੀ ਦੇ ਪ੍ਰਵਾਨਿਆਂ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਹੀਦੀ ਦਿਵਸ 23 ਮਾਰਚ 2018 'ਤੇ ਭਾਵਪੂਰਨ ਸ਼ਰਧਾਂਜਲੀ ਭੇਂਟ ਕਰਦੇ ਹਨ।

"ਅਸੀਂ ਅਜਿਹੇ ਉਂਜਲ ਭਵਿੱਖ ਵਿੱਚ ਵਿਸ਼ਵਾਸ ਰਖਦੇ ਹਾਂ, ਜਿਸ ਵਿਚ ਹਰੇਕ ਵਿਅਕਤੀ ਨੂੰ ਪੂਰਨ ਸ਼ਾਂਤੀ ਅਤੇ ਸੁਤੰਤਰਤਾ ਦਾ ਮੌਕਾ ਮਿਲ ਸਕੇ। ਅਸੀਂ ਮਨੁੱਖ ਖੂਨ ਬਹਾਣ ਲਈ ਆਪਣੀ ਮਜ਼ਬੂਰੀ 'ਤੇ ਦੁਖੀ ਹਾਂ"- ਭਗਤ ਸਿੰਘ



ਵੇਦਨਾ

# ਮਾਂ, ਠੰਢੀ ਛਾਂ

ਮਨਜੀਤ ਸਿੰਘ ਤੰਬੜ
ਪੰਜੌੜ



ਪ੍ਰੋ. ਸਿੰਘ ਆਪਣੀ ਕਵਿਤਾ ਵਿੱਚ ਕਿਆ ਖੂਬ ਲਿਖਦਾ ਹੈ;-

ਮਾਂ ਵਰਗਾ ਘਣਸ਼ਾਵਾਂ ਬੂਟਾ ਮੈਨੂੰ ਨਜ਼ਰ ਨਾਂ ਆਵੇ,
ਲੈ ਕੇ ਜਿਸ ਤੋਂ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ।
ਹੋਰ ਸਾਰੇ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਸੁੱਕ ਜਾਂਦੇ,
ਐਪਰ ਇੱਹ ਬੂਟਾ ਫੁੱਲ ਮੁਰਝਾਇਆਂ ਹੀ ਸੁੱਕ ਜਾਏ।

ਧਰਤੀ 'ਤੇ ਆਉਣ ਵਾਲੇ ਹਰੇਕ ਬੱਚੇ ਦੇ ਮੂੰਹ ਵਿੱਚੋਂ ਨਿਕਲਣ ਵਾਲਾ ਪਹਿਲਾ ਸ਼ਬਦ 'ਮਾਂ' ਹੀ ਹੁੰਦਾ ਹੈ। ਉਸ ਤੋਂ ਬਾਅਦ ਵੀ ਜਦੋਂ ਕਦੀ ਸਾਨੂੰ ਮਾਨਸਿਕ ਜਾਂ ਸਰੀਰਕ ਰੂਪੀ ਅਸਹਿ ਪੀੜਾ ਹੋ ਜਾਵੇ ਤਾਂ ਅਚਨਚੇਤ ਹੀ ਸਾਡੇ ਮੂੰਹ ਵਿੱਚੋਂ 'ਹਾਏ ਮਾਂ' ਜਾਂ 'ਉਈ ਮਾਂ' ਹੀ ਨਿਕਲਦਾ ਹੈ। ਇਹ 'ਮਾਂ' ਸ਼ਬਦ ਸਾਨੂੰ ਸਾਡੇ ਹਰੇਕ ਦੁੱਖ ਵਿੱਚ ਸਹਿਜ ਕਰਦਾ ਹੈ ਅਤੇ ਸਾਡੇ ਮਨ ਨੂੰ ਸ਼ਾਂਤ ਕਰਦਾ ਹੈ। ਮਾਂ, ਪਿਆਰ ਅਤੇ ਮੋਹ ਰੂਪੀ ਉਹ ਕਵਚ ਹੈ, ਜੋ ਜ਼ਿੰਦਗੀ ਭਰ ਹਰੇਕ ਸੰਕਟ ਵਿੱਚ ਸਾਡੀ ਰੱਖਿਆ ਅਤੇ ਪਾਲਣ ਪੋਸ਼ਣ ਕਰਦਾ ਹੈ। ਹਰੇਕ ਮੁਸ਼ਕਿਲ ਤੋਂ ਮੁਸ਼ਕਿਲ ਸਥੀਤੀ ਵਿੱਚ ਸਹੀ ਜੀਵਨ ਜੀਉਣ ਲਈ ਮਾਰਗ ਦਰਸ਼ਕ ਬਣਦਾ ਹੈ।

ਮਾਂ ਸਾਨੂੰ ਕੁਦਰਤ ਦੇ ਸਾਰੇ ਮਨਸੂਬਿਆਂ ਤੋਂ ਜਾਣੂ ਕਰਵਾਉਂਦੀ ਹੈ। ਮਾਂ ਦੀਆਂ ਸਿਖਿਆਵਾਂ ਕੋਈ ਲੈਕਚਰ ਜਾਂ ਪ੍ਰਵਚਨ ਨਹੀਂ ਹੁੰਦੀਆਂ। ਉਹ ਆਪਣੇ ਕੰਮਾਂ ਨਾਲ ਸਾਡੇ ਸਾਹਮਣੇ ਮਿਸਾਲ ਬਣ ਕੇ ਸਾਨੂੰ ਜੀਵਨ ਜਾਂਚ ਸਿਖਾਉਂਦੀ ਹੈ। ਮਾਂ ਵਿੱਚ ਇੱਕ ਅਦੁੱਤੀ ਮਨੋਵਿਗਿਆਨਕ ਸ਼ਕਤੀ ਹੁੰਦੀ ਹੈ। ਉਹ ਆਪਣੇ ਬੱਚੇ ਦੇ ਮਨ ਦੀ ਗੱਲ ਨੂੰ ਅਸਾਨੀ ਨਾਲ ਪੜ੍ਹ ਲੈਂਦੀ ਹੈ। ਕਿਸ ਸਮੇਂ ਬੱਚੇ ਨੂੰ ਕਿਸ ਚੀਜ਼ ਦੀ ਜਰੂਰਤ ਹੈ, ਉਸ ਨੂੰ ਸਭ ਪਤਾ ਹੁੰਦਾ ਹੈ। ਮਾਂ ਆਪਣੀ ਜ਼ਿੰਦਗੀ ਦੇ ਸੁਨਿਹਰੀ ਜਵਾਨੀ ਦੇ ਦਿਨ ਆਪਣੇ ਬੱਚੇ ਲਈ ਨਿਸ਼ਾਵਰ ਕਰ ਦਿੰਦੀ ਹੈ। ਮਾਂ ਆਪਣੇ ਬੱਚੇ ਲਈ ਠੰਡੀਆਂ ਰਾਤਾਂ ਨੂੰ ਆਪ ਤਾਂ ਚਾਹੇ ਗਿਲੀ ਜਗ੍ਹਾ, ਨੰਗੇ ਮੰਜੇ ਅਤੇ ਆਪਣੇ ਸਰੀਰ ਦੇ ਹੇਠਾਂ-ਉੱਤੇ ਕੱਪੜਾ ਲਏ ਬਗੈਰ ਕਈ-ਕਈ ਰਾਤਾਂ ਕੱਟ ਲਵੇ,ਪਰ ਆਪਣੇ ਬੱਚੇ ਨੂੰ ਆਪਣੇ ਸਰੀਰ ਦੀ ਗਰਮੀ ਵਿੱਚੋਂ ਛਾਤੀ ਨਾਲ ਲਾ ਕੇ ਲੋਰੀਆਂ ਦਿੰਦੀ ਸੁਆਉਂਦੀ ਹੈ। ਮਾਂ ਨਿਰਸੁਆਰਥ ਨਿਸ਼ਕਾਮ ਸੇਵਕ ਦੀ ਤਰਾਂ ਹੈ ਉਹ ਆਪਣੇ ਬੱਚੇ ਤੋਂ ਕੁਝ ਨਹੀਂ ਮੰਗਦੀ ਸਗੋਂ ਹਮੇਸ਼ਾਂ ਹੀ ਉਸ ਅਕਾਲ ਪੁਰਖ ਵਾਹਿਗੁਰੂ ਪਾਸੋਂ ਆਪਣੀ ਉਲਾਦ ਵਾਸਤੇ ਜੀਵਨ ਦੀਆਂ ਅਥਾਹ ਖੁਸ਼ੀਆਂ ਮੰਗਦੀ ਹੈ।

ਸਾਡਾ ਫਰਜ਼ ਬਣਦਾ ਹੈ ਕਿ ਜਦੋਂ ਮਾਤਾ ਪਿਤਾ ਬਿਰਧ ਅਵਸਥਾ ਵਿੱਚ ਹੋਣ ਜਾਂ ਉਹਨਾਂ ਨੂੰ ਕਿਸੇ ਕਿਸਮ ਦੀ ਸਾਡੀ ਜ਼ਰੂਰਤ ਹੋਵੇ ਤਾਂ ਅਸੀਂ ਵੀ ਆਪਣੀ ਜੁਮੇਵਾਰੀ ਤੋਂ ਨਾ ਭੱਜੀਏ, ਕਿਉਂਕਿ ਮਾਤਾ ਪਿਤਾ ਦੀ ਸੇਵਾ ਹੀ ਸਾਰੀਆਂ ਸੇਵਾਵਾਂ ਤੋਂ ਸਰਬ-ਉੱਤਮ ਮੰਨੀ ਗਈ ਹੈ। ਭਾਈ ਗੁਰਦਾਸ ਜੀ ਵੀ ਆਪਣੀਆਂ ਰਚਨਾਵਾਂ ਵਿੱਚ ਮਾਤਾ-ਪਿਤਾ ਦੀ ਸੇਵਾ ਵਾਰੇ ਲਿਖਦੇ ਹਨ,

"ਮਾਂ ਪਿਉ ਪਰਹਰਿ ਸੁਣੈ ਵੇਦ ਭੇਦੁ ਨ ਜਾਣੈ ਕਥਾ ਕਹਾਣੀ,
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ,
ਮਾਂ ਪਿਉ ਪਰਹਰਿ ਕਰੈ ਪੂਜ ਦੇਵੀ ਦੇਵ ਨਾ ਸੇਵ ਕਮਾਣੀ,
ਮਾਂ ਪਿਉ ਪਰਹਰਿ ਜਾਵਣਾ ਅਠਸਠਿ ਤੀਰਥ ਘੁਮਣ ਵਾਣੀ,
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।

ਅੱਜ ਮੈਨੂੰ ਆਪਣੀ ਮਾਂ ਦੀ ਬਹੁਤ ਯਾਦ ਆ ਰਹੀ ਹੈ। ਮਾਂ ਦੀ ਸਤਵੀਂ ਬਰਸੀ ਹੈ ਨਾ। ਜਾਨੀ ਮਾਂ ਦੀ ਛਾਂ ਤੋਂ ਵਾਂਝੇ ਹੋਇਆਂ ਮੈਨੂੰ ਸੱਤ ਸਾਲ ਹੋ ਗਏ। ਮੈਂ ਮਾਂ ਦੀ ਕਦੀ ਬਰਸੀ ਨਹੀਂ ਮਨਾਈ। ਮੈਂ ਤਾਂ ਆਪਣੀ ਮਾਂ ਨਾਲ ਗੱਲਾਂ ਕਰਨੀਆਂ ਹੁੰਦੀਆਂ ਹਨ। ਮੈਨੂੰ ਜਾਪਦਾ ਮੇਰੀਆਂ ਅੱਖਾਂ ਆਪਣੇ ਆਪ ਬੰਦ ਹੋ ਗਈਆਂ ਹਨ। ਇੱਕ ਸੁਪਨਾ ਬਣਨਾ ਸ਼ੁਰੂ ਹੋ ਗਿਆ ਹੈ। ਸਾਹਮਣੇ ਬੇਬੇ ਆਪਣੇ ਮੰਜੇ ਉੱਤੇ ਹੇਠਾਂ ਵੱਲ ਲੱਤਾਂ ਲਮਕਾਈ ਬੈਠੀ ਹੈ। ਮੈਂ ਉਸ ਸਾਹਮਣੇ ਹੱਥ ਜੋੜੀ ਖੜ੍ਹਾ ਹਾਂ। ਪੁੱਛਦਾ ਹਾਂ ਮਾਂ ਆਪਣੀ ਨੂੰ,"ਬੇਬੇ ਤੂੰ ਕਿਤੇ ਮੈਨੂੰ ਭੁੱਲ ਤਾਂ ਨੀ ਗਈ, ਇੰਨੇ ਸਾਲਾਂ ਵਿੱਚ?" ਮਾਂ ਨੇ ਅੱਗੋਂ ਆਪਣੀਆਂ ਬਾਹਾਂ ਖਿਲਾਰ ਲਈਆਂ, ਉਸ ਨੇ ਅਗੋਂ ਇਹ ਨਹੀਂ ਸ਼ਿਕਵਾ ਕੀਤਾ ,ਤੂੰ ਵੀ ਤਾਂ ਇੰਨੇ ਸਾਲਾਂ ਪਿਛੋਂ ਅੱਜ ਈ ਯਾਦ ਕੀਤਾ। "ਆ ਮੇਰੇ ਬਚੜੇ ਆ ਬਹਿ ਮੇਰੇ ਕੋਲ,ਆ ਗੱਲਾਂ ਕਰੀਏ, ਮਾਵਾਂ ਵੀ ਕਦੇ ਭੁਲਦੀਆਂ ਆਪਣੇ ਬੱਚਿਆਂ ਨੂੰ, ਆ ਮੇਰੀ ਗੋਦ ਵਿੱਚ। ਕਿੰਨੇ ਦਿਨਾਂ ਤੋਂ ਸੋਚਦੀ ਸੀ,ਕਦੋਂ ਯਾਦ ਕਰੇਗਾ ਮੈਨੂੰ ਮੇਰਾ ਲਾਲ।" ਮੇਰਾ ਗਚ ਭਰ ਆਇਆ। ਇਸ ਤੋਂ ਪਹਿਲਾਂ ਕਿ ਮੈ ਮਾਂ ਦੇ ਚਰਨ ਛੋਹਣ ਦੀ ਹਿੰਮਤ ਕਰਦਾ, ਮਾਂ ਨੇ ਮੈਨੂੰ ਆਪਣੇ ਵੱਲ ਖਿਚ ਕੇ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ। ਮੇਰੀਆਂ ਭੁੱਬਾਂ ਨਿਕਲ ਗਈਆਂ। ਆਪਣੇ ਪਿਆਰੇ-ਪਿਆਰੇ ਹੱਥਾਂ ਨਾਲ ਮੇਰੀ ਪਿਠ ਨੂੰ ਕਿੰਨਾਂ ਚਿਰ ਸਲਾਹੁੰਦੀ ਰਹੀ। ਫਿਰ ਮੇਰੇ ਸਿਰ ਨੂੰ ਆਪਣੇ ਦੋਹਾਂ ਹੱਥਾਂ ਵਿੱਚ ਲੈ ਕੇ ਮੱਥੇ ਨੂੰ ਚੁੰਮਣ ਲੱਗੀ। ਮੇਰਾ ਚਿਹਰਾ ਦੇਖਦੀ ,ਮੇਰੇ ਵਾਲਾਂ ਨੂੰ ਆਪਣੇ ਹੱਥਾਂ ਦੀਆਂ ਉਂਗਲੀਆਂ ਦੀ ਕੰਘੀ ਬਣਾ ਕੇ ਸਵਾਰਦੀ ਹੈ। ਮੇਰੇ ਮੂੰਹ ਉੱਤੇ ਹੱਥ ਫੇਰਦੀ ਹੈ। ਮਮਤਾ ਭਿੱਜੀ ਅਵਾਜ਼ ਵਿੱਚ ਆਖਦੀ ਹੈ, "ਕਿੰਨਾਂ ਕਮਜ਼ੋਰ ਹੋ ਗਿਆ ਮੇਰਾ ਪੁੱਤ, ਗੱਲਾਂ ਤਾਂ ਵਿੱਚ ਹੀ ਵੜ ਗਈਆਂ, ਰੰਗ ਵੀ ਕਾਲਾ ਜਿਹਾ ਹੋ ਗਿਆ,।" ਮੈ, ਮਾਂ ਦੀ ਮਮਤਾ ਵਿੱਚ ਪੂਰੀ ਤਰ੍ਹਾਂ ਭਿੱਜ ਚੁੱਕਾ



ਸੀ। ਮਾਂ ਦੇ ਬੁੱਲ੍ਹ ਫੜਫੜਾਏ। ਕੁੱਝ ਸਮੇਂ ਲਈ ਖਾਮੋਸ਼ੀ ਛਾ ਗਈ। ਸ਼ਾਇਦ ਅਸੀਂ ਦੋਨੋ ਆਪਣੇ ਆਪ ਨੂੰ ਹੋਰ ਭਾਵੁਕ ਹੋਣ ਤੋਂ ਰੋਕਣ ਵਿੱਚ ਲਗ ਪਏ ਸਾਂ। ਬੇਬੇ ਨੇ ਮੇਰਾ ਮੂੰਹ ਅਤੇ ਅੱਖਾਂ ਨੂੰ ਆਪਣੇ ਸਿਰ ਦੇ ਕਪੜੇ ਨਾਲ ਸਾਫ ਕੀਤਾ, "ਨਾਹ ਪੁੱਤ ਰੋਈ ਦਾ ਨੀ ਹੁੰਦਾ,ਮੇਰਾ ਸੋਹਣਾ ਪੁੱਤ"।

"ਬੇਬੇ ਤੂੰ ਕਿੱਥੇ ਚਲੀ ਗਈ ਏਂ? ਸਾਨੂੰ ਸਾਰਿਆਂ ਨੂੰ ਛੱਡ ਕੇ," ਮੈਂ ਇੰਨਾਂ ਹੀ ਕਹਿ ਸਕਿਆ। ਬੇਬੇ ਦੁਆਲੇ ਪਈ ਮੇਰੀਆਂ ਬਾਹਾਂ ਦੀ ਜੱਫੀ ਹੋਰ ਘੁੱਟੀ ਗਈ। "ਨਾ ਰੋਈ ਜਾ ਕਮਲਾ ਨਾ ਹੋਵੇ ਤਾਂ,ਮਾਂਵਾਂ ਕਿਤੇ ਨੀ ਜਾਂਦੀਆਂ ਹੁੰਦੀਆਂ। ਉੱਠ ਹੋਰ ਗੱਲਾਂ ਕਰੀਏ।" ਬੇਬੇ ਦੀਆਂ ਅੱਖਾਂ ਦੇ ਨਿੱਘੇ ਅੱਥਰੂ ਪ੍ਰਨਾਲ਼ੇ ਬਣ ਕੇ ਮੇਰੀ ਨੰਗੀ ਧੌਣ ਉੱਤੇ ਡਿਗ ਰਹੇ ਸਨ। ਮਾਂ-ਪੁੱਤ ਦੀ ਮਮਤਾ ਦੇ ਸਮੁੰਦਰ ਦੀਆਂ ਛੱਲਾਂ ਕੰਢਿਆਂ ਤੋਂ ਬਾਹਰ ਵਗ ਤੁਰੀਆਂ ਸਨ। ਬੇਬੇ ਨੇ ਆਪਣੇ ਪੱਲੇ ਨਾਲ ਆਪਣਾ ਮੂੰਹ ਸਾਫ ਕਰਦੀ ਨੇ ਕਿਹਾ, "ਅੱਛਾ ਦੱਸ! ਤੂੰ ਕਦੀ ਆਪਣੇ ਵੱਡੇ ਭਰਾ ਨਾਲ ਲੜਿਆ ਤਾਂ ਨਹੀਂ? ਲੜੀਂ ਨਾ, ਦਿਲ ਦਾ ਬਹੁਤ ਸਾਫ ਹੈ ਉਹ। ਨਾਲੇ ਤੂੰ ਦਿਨ ਵੇਲੇ ਜਿੰਨਾ ਮਰਜ਼ੀ ਘੁੰਮ ਲਿਆ ਕਰ ਕੰਮਾਂ ਕਾਰਾਂ ਵਿੱਚ,ਰਾਤ ਨੂੰ ਜ਼ਰੂਰ ਘਰ ਆ ਜਾਈਦਾ।"

ਮੈਨੂੰ ਯਾਦ ਆਇਆ ਉਦੋਂ ਮੈਂ ਦਸਵੀਂ ਵਿੱਚ ਪੜ੍ਹਦਾ ਸੀ। ਮੈ ਆਪਣੇ ਭਾਪੇ (ਬਾਪ) ਨੂੰ ਦੱਸ ਕੇ ਇੱਕ ਵਾਰੀ ਇਕੱਲਾ ਹੀ ਸਾਇਕਲ ਉੱਤੇ ਪੰਦਰਾਂ-ਸੋਲਾਂ ਮੀਲ ਦੂਰ ਆਪਣੀ ਭੈਣ ਦੇ ਪਿੰਡ ਮਿਲਣ ਚਲਾ ਗਿਆ। ਰਾਸਤਾ ਕੱਚਾ,ਸੁੰਨਸਾਨ ,ਪਾਣੀ ਨਾਲ ਭਰੀ ਨਹਿਰ ਦੇ ਨਾਲ-ਨਾਲ ਸੰਘਣੇ ਦਰੱਖਤਾਂ ਨਾਲ ਘਿਰਿਆ ਹੋਇਆ ਸੀ। ਸ਼ਾਮ ਨੂੰ ਜਦੋਂ ਬੇਬੇ ਨੂੰ ਪਤਾ ਲੱਗਾ ਪਹਿਲਾਂ ਤਾਂ ਉਹ ਮੇਰੇ ਭਾਪੇ ਨਾਲ ਖੂਬ ਲੜੀ, ਪਈ ਮੁੰਡੇ ਨੂੰ ਇਕੱਲਾ ਭੇਜਿਆ ਈ ਕਿਉਂ? ਆਖੇ ਜਾਹ ਹੁਣੇ ਈ ਉਹ ਨੂੰ ਲੈ ਕੇ ਆ। ਬੇਬੇ ਨੂੰ ਚੈਨ ਨਾ ਆਵੇ। ਜਿਵੇਂ-ਕਿਵੇਂ ਤਿਕਾਲਾਂ ਤੱਕ ਉਡੀਕਿਆ। ਰਾਤ ਪੈ ਗਈ। ਸਾਰਾ ਟੱਬਰ ਬੇਬੇ ਨੂੰ ਜ਼ੋਰ ਲਾ ਥੱਕਿਆ ਪਰ ਉਹ ਨੇ ਰੋਟੀ ਨਾ ਖਾਧੀ। ਪਤਾ ਨਹੀਂ ਉਹ ਨੇ ਰਾਤ ਕਿਵੇਂ ਕੱਟੀ ਹੋਵੇਗੀ, ਕਦੋਂ ਉਹ ਉੱਠੀ,ਹੱਥ ਵਿੱਚ ਡਾਂਗ ਫੜੀ, ਤੇ ਰਹਿੰਦੀ ਰਾਤ ਈ ਉਹ ਪਾਣੀ ਨਾਲ ਸ਼ੂਕਦੀ ਨਹਿਰ ਦੇ ਬੀਆਬਾਨ ਰਾਸਤੇ ਬਿਨਾ ਕਿਸੇ ਖੌਫ ਦੇ ਪੰਦਰਾਂ-ਸੋਲਾਂ ਮੀਲ ਦਾ ਰਾਸਤਾ ਤਹਿ ਕਰਕੇ ਗੁਰੂਦਵਾਰੇ ਦੇ ਭਾਈ ਬੋਲਣ ਤੋਂ ਪਹਿਲਾਂ ਭੈਣ ਦੇ ਘਰ ਜਾ ਪਹੁੰਚੀ। ਭੈਣ ਦੇ ਘਰ ਵਾਲੇ ਸਾਰੇ ਹੈਰਾਨ,ਐਡੀ ਦਲੇਰ ਔਰਤ। ਇਸ ਰਾਸਤੇ ਤਾਂ ਰਾਤ ਨੂੰ ਦਲੇਰ ਤੋਂ ਦਲੇਰ ਆਦਮੀ ਵੀ ਨਹੀਂ ਤੁਰਦਾ। ਅਸੀਂ ਦੋਨੋ ਦਿਨ ਚੜ੍ਹਦੇ ਤਕ ਘਰ ਆ ਗਏ।

ਮੈ ਹਾਲੇ ਇਹ ਸੋਚ ਰਿਹਾ ਸੀ ਕਿ ਮੇਰੀ ਵੱਡੀ ਭੈਣ ਨੇ ਆ ਕੇ ਮੈਨੂੰ ਗਲਵੱਕੜੀ ਪਾ ਕੇ ਰੋਣ ਲੱਗੀ "ਹਾਏ ਨੀ ਮਾਏਂ ਮੇਰੀਏ।"

❋ ❋ ❋ ❋ ❋

Gem of Bradri

## PRIYANKA SAINI

National Award Winner

President of India has honoured Mrs.Priyanka Saini with the National Award for the year 2017 under Hearing Impairment, for her achievements. She is working as a facilitator at the Tech Mahidra Smart and Training Centre for Persons with Disabilities located on the premises of National Intitute of



Technical Teachers Training and Research (NITTR) Sector 26 Chandigarh.

Priyanka is the youngest of five siblings born in village Jogiara of district Darbhanga in Bihar. Aged 34 years she is hearing and speech impaired since birth. The parents abandoned her soon after they realized that she was deaf. She was brought up by her materrnal uncle and aunt in city from where she passed the Senior Secondary Examination. With no further educational avenues opened up she waited for eight years to get admission in Professional College of Arts from where she got four years's Special Diploma in Fine Arts for the Deaf. After that she also did two year's Advanced Diploma in Fine Arts with flying colours. Besides basic computer programmes Priyanka teaches sign language, soft skills, English Grammer , hospitality and retail training to the students at the centre. Most of her students are now working in Elante, Gillard, Café Coffee Day and KFC.



ਬਾਲ ਕਹਾਣੀ

# ਮੈਨੂੰ ਚੰਦ ਚਾਹੀਦੈ

ਮਨਜੀਤ ਕੌਰ ਅੰਬਾਲਵੀ

ਦੁਪਹਿਰ ਦੇ ਤਿੰਨ ਵਜੇ ਦਾ ਸਮਾਂ ਸੀ। ਦੋਵੇਂ ਬੱਚਿਆਂ ਨੂੰ ਭੂਆ ਦੇ ਘਰ ਜਾਣਾ ਚੰਗਾ-ਚੰਗਾ ਲਗਦਾ ਸੀ। ਉਥੇ ਉਨ੍ਹਾਂ ਦੀ ਕੋਠੀ ਵਿੱਚ ਵੱਡਾ ਸਾਰਾ ਲਾਨ ਜੋ ਸੀ। ਉਹ ਉਥੇ ਜਾ ਕੇ ਖੂਬ ਖੇਡਦੀਆਂ। ਵੱਡੇ-ਵੱਡੇ ਅਸ਼ੋਕਾ ਟਰੀ ਤੇ ਹੋਰ ਸੁੰਦਰ ਪੌਦੇ, ਫੁੱਲ ਕਲੀਆਂ ਵੇਖ-ਵੇਖ ਉਹ ਖੁਸ਼ ਹੁੰਦੀਆਂ ਰਹਿੰਦੀਆਂ।

ਕਾਰ ਫਰਾਟੇ ਭਰਦੀ ਜਾ ਰਹੀ ਸੀ। ਬੱਚੀਆਂ ਸ਼ੀਸ਼ਿਆਂ 'ਚੋਂ ਬਾਹਰ ਵੇਖਦੀਆਂ ਵੰਨ-ਸੁਵੰਨੇ ਸਵਾਲ ਕਰਨ ਲਗਦੀਆਂ।

"ਮੰਮੀ ਜੀ ! ਇਹ ਵੱਡੀ ਸਾਰੀ ਇਮਾਰਤ ਕੀ ਹੈ ?" ਸੀਰਤ ਹੈਰਾਨੀ ਨਾਲ ਪੁੱਛਦੀ ਹੈ।

" ਪੁੱਤਰ, ਇਹ ਤਾਂ 'ਦਰਸ਼ਨ ਅਕੈਡਮੀ' ਹੈ। ਬੱਚਿਆਂ ਦਾ ਇੱਕ ਬਹੁਤ ਵਧੀਆ ਸਕੂਲ...")। ਮੰਮੀ ਉਸ ਨੂੰ ਜਵਾਬ ਦਿੰਦਿਆਂ ਆਖਦੀ ਹੈ।

ਮੇਰੇ ਨਾਲ ਪਿਛਲੀ ਸੀਟ 'ਤੇ ਬੈਠੀ ਹਰਗੁਣ ਵੀ ਪਿੱਛੇ ਨਹੀਂ ਰਹਿੰਦੀ।" ਦਾਦੀ ਜੀ! ਇਹ ਰੁੱਖ ਕਿਉਂ ਦੌੜਦੇ ਨੇ ? ਦੇਖੋ-ਦੇਖੋ ਦਾਦੀ, ਕਿੰਨ ਤੇਜ਼, ਨਾ ਦਾਦੀ...")। ਉਹ ਹੈਰਾਨ ਹੁੰਦਿਆਂ ਪੁੱਛਦੀ ਹੈ।

" ਨਹੀਂ ਪੁੱਤਰ ਜੀ! ਇਹ ਰੁੱਖ ਨਹੀਂ ਦੌੜਦੇ, ਸਾਡੀ ਕਾਰ ਦੌੜ ਰਹੀ ਹੈ। ਰੁੱਖ ਤਾਂ ਆਪਣੀ ਥਾਂ 'ਤੇ ਖੜ੍ਹੇ ਹਨ। ਗੱਡੀ ਤੇਜ਼ ਰਫਤਾਰ ਨਾਲ ਭੱਜ ਰਹੀ ਹੈ ਨਾ ਇਸ ਲਈ")।

"ਵੇਖੋ-ਵੇਖੋ, ਦਾਦੀ! ਔਹ ਵੇਖੋ...")। ਸੀਰਤ ਬੋਲੀ....। " ਕੀ ਪੁੱਤਰ ?" ਮੈਂ ਬਾਹਰ ਵੱਲ ਵੇਖਦੀ ਹਾਂ।

"ਔਹ ਫੋਟੋਆਂ ਨੀ ਬਣੀਆਂ, ਜਾਨਵਰਾਂ ਦੀਆਂ, ਜ਼ਰੂਰ ਇਹ ' ਚਿੜੀਆ ਘਰ' ਹੈ। ਚਲੋ ਵੇਖੀਏ, ਦਾਦੀ ਜੀ....")। ਸੀਰਤ ਇੱਛਾ ਜ਼ਾਹਰ ਕਰਦੀ ਹੈ।

" ਪਰ ਪੁੱਤਰ! ਹੁਣ ਤਾਂ ਅਸੀਂ ਤੇਰੀ ਭੂਆ ਘਰ ਚੱਲੇ ਹਾਂ। ਉਨ੍ਹਾਂ ਨੂੰ ਸਮਾਂ ਦਿੱਤਾ ਹੋਇਆ ਹੈ। ਫਿਰ ਕਦੇ ਪੁੱਤਰ...")। ਉਹ ਮੰਨ ਜਾਂਦੀ ਹੈ।

ਸਵਾ ਚਾਰ ਵਜੇ ਅਸੀਂ ਕੁਰੂਕਸ਼ੇਤਰ ਉਨ੍ਹਾਂ ਦੇ ਘਰ ਪੁੱਜ ਜਾਂਦੇ ਹਾਂ।ਬੇਟੀ ਦੇ ਸੱਸ ਸਹੁਰੇ ਨੂੰ ਮਿਲਦੇ ਹਾਂ। ਗੱਲਾਂ ਬਾਤਾਂ ਦਾ ਦੌਰ ਚਲਦਾ ਹੈ।

ਬੱਚੇ ਆਪਣੀ ਮਸਤੀ ਵਿੱਚ ਬਾਹਰ ਖੇਡਣ ਲਗ ਪੈਂਦੇ ਹਨ। ਪਤਾ ਹੀ ਨਾ ਲੱਗਾ ਕਦੋਂ ਦੋ ਘੰਟੇ ਬੀਤ ਜਾਂਦੇ ਹਨ।

" ਚੰਗਾ ਜੀ! ਹੁਣ ਅਸੀਂ ਚੱਲਦੇ ਹਾਂ, ਹਨ੍ਹੇਰਾ ਹੋਣ ਲੱਗਾ ਹੈ। ਗੁਰਦਵਾਰਾ ਸਾਹਿਬ ਮੱਥਾ ਵੀ ਟੇਕਣਾ ਹੈ")।

ਮੱਥਾ ਟੇਕ ਕੇ ਬਾਹਰ ਨਿਕਲੇ ਤਾਂ ਬੱਚੇ ਸਰੋਵਰ ਕੋਲ ਮੱਛੀਆਂ ਵੇਖਣ ਲਈ ਅੜ ਕੇ ਖਲੋ ਗਏ। ਮੱਛੀਆਂ ਵੇਖ-ਵੇਖ ਨੱਚਣ ਲੱਗੇ। ਬੜੀ ਮੁਸ਼ਕਲ ਨਾਲ ਗੁਰੂ-ਘਰ ਤੋਂ ਬਾਹਰ ਨਿਕਲੇ।

ਗੱਡੀ ਹਵਾ ਨਾਲ ਗੱਲਾਂ ਕਰਨ ਲੱਗੀ। ਮੈਂ ਵੇਖਿਆ, ਸੀਰਤ ਬਾਹਰ ਵੱਲ ਟਿਕਟਿਕੀ ਲਾਈ ਬੈਠੀ ਸੀ।

" ਪੁੱਤਰ! ਕੀ ਸੋਚ ਰਹੀ ਏਂ...ਕੀ ਵੇਖ ਰਹੀ ਏਂ....ਇੰਨੀਆਂ ਨਜ਼ਰਾਂ ਟਿਕਾਈ???" ਮੈਂ ਵੀ ਇਕੱਠੇ ਹੀ ਸਵਾਲ ਕਰ ਦਿੱਤੇ।

" ਦਾਦੀ ਮਾਂ-ਦਾਦੀ ਮਾਂ! ਦੇਖੋ ਚੰਦ! ਕਿੰਨਾ ਸੋਹਣਾ ਲਗਦੈ ਦਾਦੀ! ਕਿੰਨਾ ਪਿਆਰਾ ਪਿਆਰਾ!!! ਇਹ ਸਾਡੇ ਨਾਲ ਨਾਲ ਹੀ ਆ ਰਿਹਾ ਏ...। ਕਾਰ ਦੇ ਨਾਲ ਨਾਲ")।

" ਹਾਂ ਪੁੱਤਰ! ਚੰਦ ਤਾਂ ਹੁੰਦਾ ਹੀ ਸੋਹਣਾ ਏ...। ਇਹ ਸਭ ਨੂੰ ਹੀ ਪਿਆਰਾ ਲਗਦੈ")।

ਮੈਂ ਵੇਖਿਆ ਸੱਚਮੁੱਚ ਚੰਦ ਗੱਡੀ ਦੇ ਬਿਲਕੁਲ ਪਾਸ ਨਜ਼ਰ ਆ ਰਿਹਾ ਸੀ। ਜਿਵੇਂ ਸਾਡੇ ਨਾਲ ਨਾਲ ਹੀ ਚੱਲ ਰਿਹਾ ਹੋਵੇ। ਇੱਕ ਫੋਟੋ ਉਸ ਦੀ ਕਾਰ ਦੇ ਸ਼ੀਸ਼ੇ ਵਿੱਚਦੀ ਨਜ਼ਰ ਆ ਰਹੀ ਸੀ।

ਸੀਰਤ ਦੀਆਂ ਨਜ਼ਰਾਂ ਜਿਵੇਂ ਉਸ ਨੂੰ ਦਿਲ ਵਿੱਚ ਉਤਾਰ ਲੈਣਾ ਚਾਹੁੰਦੀਆਂ ਸਨ। ਉਹ ਉਹਦੇ ਵੱਲ ਵੇਖੀ ਹੀ ਜਾ ਰਹੀ ਸੀ...ਵੇਖੀ ਹੀ ਜਾ ਰਹੀ ਸੀ।

" ਮੈਨੂੰ ਚੰਦ ਚਾਹੀਦੈ....ਦਾਦੀ ਜੀ! ਮੈਨੂੰ ਨੀ ਪਤਾ, ਮੈਨੂੰ ਚੰਦ ਚਾਹੀਦੈ....!! ਉਹ ਜਿਵੇਂ ਬੇਚੈਨ ਜਿਹੀ ਹੋ ਗਈ ਸੀ।

" ਪੁੱਤਰ! ਇਹ ਕਿਵੇਂ ਹੋ ਸਕਦਾ ਏ...? ਚੰਦ ਤਾਂ ਬਹੁਤ ਦੂਰ ਹੈ। ਉਹ ਕੋਈ ਖਿਡੌਣਾ ਥੋੜ੍ਹੀ ਨਾ ...ਜੋ ਅੰਬਰ ਤੋਂ ਤੋੜ ਲਿਆਵਾਂ")।

" ਮੈਨੂੰ ਨੀ ਪਤਾ, ਮੈਨੂੰ ਚੰਦ ਚਾਹੀਦੈ")। ਉਹ ਉੱਚੀ ਉੱਚੀ ਰੋਣ ਲਗ ਪਈ। ਮਸਾਂ ਮਸਾਂ ਚੁੱਪ ਕਰਾਇਆ, " ਪੁੱਤਰ! ਚੱਲ ਤੈਨੂੰ ਘਰ ਜਾ ਕੇ ਜ਼ਰੂਰ ਚੰਨ ਦੇਵਾਂਗੀ")। ਉਹ ਮੇਰੇ ਮੂੰਹ ਵੱਲ ਵੇਖਣ ਲੱਗੀ।" ਹਾਂ-ਹਾਂ ਜ਼ਰੂਰ ਦੇਵਾਂਗੀ")।

ਘਰ ਅਉਂਦਿਆਂ ਹੀ ,ਇੱਕ ਗੱਤਾ ਲੈ ਕੇ ਉਸ ਨੂੰ ਗੋਲ ਕੱਟਦਿਆਂ, ਉਸ ਵਿੱਚ ਰੰਗ ਭਰ ਕੇ ,ਮੈਂ ਚੰਦ ਬਣਾਉਣ ਦੀ ਕੋਸ਼ਿਸ਼ ਕੀਤੀ।

ਮੇਰਾ ਨਕਲੀ ਚੰਦ ਵੀ ਭਾਵੇਂ ਅਸਲ਼ੀ ਵਰਗਾ ਸੀ....ਪਰ ਉਹ ਅੰਬਰ ਵਿਚਲੇ ਚੰਦ ਨੂੰ ਵੇਖਦਿਆਂ ਬੋਲੀ, "ਇਹ ਨਹੀਂ ਦਾਦੀ! ਮੈਨੂੰ ਤਾਂ ਉਹੀ ਚੰਦ ਚਾਹੀਦੈ....ਉਹੀ ਚੰਦ ਦਾਦੀ ਜੀ!!"

ਬੱਚੀ ਦੀ ਦਿਲੀ ਇੱਛਾ ਵੇਖ ਕੇ ਲੱਗਿਆ, ਕਿਵੇਂ ਅੰਬਰ

ਤੋਂ ਉਤਾਰ ਲਿਆਵਾਂ ਚੰਦ ਇਹਦੇ ਲਈ....।

" ਸੀਰਤ ਪੁੱਤਰ ਤੂੰ ਚੰਦ ਕੋਲ ਜਾ ਸਕਦੀ ਏਂ। " ਸੱਚੀਂ ਦਾਦੀ..."।

" ਹਾਂ ਪੁੱਤਰ...."। ਉਹ ਕਿਵੇਂ ਦਾਦੀ ? ਖੂਬ ਪੜ੍ਹਾਈ ਕਰ ਕੇ, ਕਲਪਨਾ ਚਾਵਲਾ ਦੀ ਤਰ੍ਹਾਂ..."।

" ਅੱਛਾ ਦਾਦੀ ਜੀ! ਫਿਰ ਤਾਂ ਮੈਂ ਅੱਜ ਤੋਂ ਖੂਬ ਪੜ੍ਹਾਂਗੀ...ਖੂਬ ਪੜ੍ਹਾਂਗੀ....ਖੂਬ..."।

* * * * *

## ਵਧਾਈ

ਮਨਜੀਤ ਕੌਰ ਅੰਬਾਲਵੀ ਸੈਣੀ ਬਰਾਦਰੀ ਨਾਲ ਸਬੰਧ ਰਖਦੇ ਹਨ ਜੋ ਅੰਬਾਲਾ ਸ਼ਹਿਰ ਦੇ ਵਸਨੀਕ ਹਨ। ਉਹ ਪੰਜਾਬੀ ਅਧਿਆਪਕ ਵਜੋਂ ਸੇਵਾਮੁਕਤ ਹੋਏ ਹਨ ਅਤੇ ਹੰਢੇ ਹੋਏ ਲੇਖਕ ਹਨ। ਉਹ ਹੁਣ ਤੱਕ 9 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਦੋ ਬਾਲ ਪੁਸਤਕਾਂ- 'ਚਾਨਣ ਦੇ ਫੁੱਲ' ਅਤੇ 'ਮਾਂ ਦੀਆਂ ਮਿੱਠੀਆਂ ਲੋਰੀਆਂ' ਲਈ ਉਨ੍ਹਾਂ ਨੂੰ **ਸਰਵੋਤਮ ਪੁਸਤਕ ਪੁਰਸਕਾਰ** ਮਿਲ ਚੁੱਕੇ ਹਨ। ਹੁਣ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਸਾਲ 2016 ਦੇ **'ਸੰਤ ਤਰਨ ਸਿੰਘ ਮਹਿਮੀ ਸਟੇਟ ਐਵਾਰਡ'** ਲਈ ਚੁਣਿਆਂ ਹੈ ਜਿਸ ਤਹਿਤ ਉਨ੍ਹਾਂ ਨੂੰ ਇੱਕ ਲੱਖ ਰੁਪਏ ਨਕਦ, ਦੁਸ਼ਾਲਾ ਤੇ ਸਨਮਾਨ ਪੱਤਰ ਪ੍ਰਦਾਨ ਕੀਤਾ ਜਾਵੇਗਾ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਅੰਬਾਲਵੀ ਜੀ ਨੂੰ ਲੱਖ ਲੱਖ ਵਧਾਈ ਹੋਵੇ।

* * * * *

- "...ਫੁੱਲਾਂ ਨੂੰ ਚੰਗੀ ਤਰ੍ਹਾਂ ਦਬਾਅ ਨਾਲ ਮਸਲਣ 'ਤੇ ਹੀ ਉਨ੍ਹਾਂ ਵਿੱਚੋਂ ਅਜਿਹਾ ਇਤਰ ਨਿਕਲਦਾ ਹੈ ਜੋ ਸਾਡੇ ਤਨ-ਮਨ ਨੂੰ ਤਰੋਤਾਜ਼ਾ ਤੇ ਸੁਗੰਧਿਤ ਬਣਾ ਦਿੰਦਾ ਹੈ। ਇਸ ਲਈ ਜੇ ਤੁਹਾਡੇ ਜੀਵਨ ਵਿੱਚ ਕੁੱਝ ਦੁੱਖ-ਤਕਲੀਫ਼ਾਂ ਨੇ ਆਪਣੀ ਹੋਂਦ ਵਿਖਾ ਦਿੱਤੀ ਹੈ ਤਾਂ ਇਸ ਤੋਂ ਡਰਨ ਦੀ ਲੋੜ ਨਹੀਂ। ਇਸ ਤੋਂ ਬਾਅਦ ਤੁਹਾਨੂੰ ਕੁੱਝ ਚੰਗਾ ਹੀ ਮਿਲਣ ਵਾਲਾ ਹੈ। ਹਰ ਅਸਫ਼ਲਤਾ ਹੀ ਨਵੀਂ ਸਫ਼ਲਤਾ ਵੱਲ ਕਦਮ ਹੁੰਦਾ ਹੈ"...

  – ਏ.ਪੀ.ਜੇ.ਅਬਦੁਲ ਕਲਾਮ ( ਰਾਕਟ ਮੈਨ)

- "ਜੇ ਕਦੇ ਤੁਹਾਨੂੰ ਇਹ ਮਹਿਸੂਸ ਹੋਣ ਲੱਗੇ ਕਿ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਸੰਭਵ ਨਹੀਂ ਤਾਂ ਆਪਣੇ ਟੀਚੇ ਨੂੰ ਬਦਲਣ ਦੀ ਥਾਂ ਆਪਣੇ ਕੰਮ ਕਰਨ ਦੇ ਤਰੀਕੇ ਨੂੰ ਬਦਲੋ "

  – ਕਨਫ਼ਿਊਸ਼ਿਅਸ (ਦਾਰਸ਼ਨਿਕ)

## NEW LIFE MEMBERS OF "SAINI BHAWAN"

Continued from page No. 39 of 28th Issue

**516. S. Satwinder Singh Panghlia**
s/o Master Ujagar Singh
r/o Vil. Kheri Salabat Pur,
Distt.Rupnagar Now Calgary,
Alberta, Canada



**517. S. Dalip Singh**
S/o Sh. Ram Lok
R/o # 3418, Adarsh Nagar,
Rupnagar





## FIVE YEAR MEMBERS OF "SAINI SANSAR"

Continued from page No. 39 of 28th Issue

**Compiled by :**
**Ajmer Singh Dhamrait**

**728. S. Mann Singh**
# Room No. 13, Green Viilla, Mumbai

**729. Dr. Satinder Kaur**
# 278, Giani Zail Singh Nagar, Ropar

**730. S. Sati Singh**
# 4998, Jagjit Nagar, Power Colony, Ropar

**731. S. Gurdev Singh Saini**
# 872, Phase 4, Mohali

**732. S. Harvinder Singh**
Rama Mandi, Jalandhar

**733. S. Avtar Singh**
VPO Phoolpur Grewal, Distt. Ropar

**734. S. Hargurdev Singh**
# 122, Sri Hargobind Nagar, Phagwara

**735. S. Mehar Singh**
VPO Phoolpur Grewal, Distt. Ropar

* * * * *

### FEEL PROUD

- Being Saini

Our ancestors were self respected, patriotic and Hardworking persons

They were not traitors.

ਸੈਣੀ ਸਮਾਜ ਦੇ ਹੀਰੇ

# ਕਰਮਯੋਗੀ ਸ. ਤਰਲੋਚਨ ਸਿੰਘ ਸੈਣੀ

ਰਾਮ ਸਿੰਘ ਸੈਣੀ
ਰੂਪਨਗਰ



ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਦੇ ਮਿਹਨਤੀ ਅਤੇ ਇਮਾਨਦਾਰ ਸਪੂਤਾਂ ਨੇ ਫਰਸ਼ਾਂ ਤੋਂ ਉੱਠ ਕੇ ਫਰਸ਼ਾਂ ਨੂੰ ਛੋਹਿਆ ਹੈ। ਇਨ੍ਹਾਂ ਨੇ ਨਾ ਕਦੇ ਕਿਸੇ ਦਾ ਹੱਕ ਖੋਹਿਆ ਹੈ ਅਤੇ ਨਾ ਹੀ ਦੇਸ਼ਦ੍ਰੋਹੀ ਦਾ ਕਲੰਕ ਖੱਟਿਆ ਹੈ। ਇਹ ਹੀ ਕਾਰਨ ਹੈ ਕਿ ਅਕਾਲਪੁਰਖ ਦੀ ਮਿਹਰ ਸਦਕਾ ਅੱਜ ਇਹ ਆਤਮਵਿਸ਼ਵਾਸ ਅਤੇ ਸਵੈਮਾਣ ਨਾਲ ਬੁਲੰਦੀਆਂ ਨੂੰ ਛੂਹ ਰਹੇ ਹਨ। ਅਜਿਹਾ ਹੀ ਇੱਕ ਨੇਕ ਇਨਸਾਨ ਹੈ ਸ. ਤਰਲੋਚਨ ਸਿੰਘ ਸੈਣੀ।

ਆਪ ਦਾ ਜਨਮ 5 ਜਨਵਰੀ 1965 ਨੂੰ ਸ. ਮਨਮੋਹਨ ਸਿੰਘ ਅਤੇ ਮਾਤਾ ਰਵਿੰਦਰ ਕੌਰ ਦੇ ਘਰ ਸੈਣੀ ਪਰਿਵਾਰ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਸੀਤੀ ਵਿਖੇ ਹੋਇਆ। ਸੈਣੀ ਬਰਾਦਰੀ ਦਾ ਇਹ ਪਿੰਡ ਸੈਣੀ ਟਾਂਡਾ ਉੜਮੁੜ ਕਸਬੇ ਦੇ ਬਿਲਕੁਲ ਨਾਲ ਪੈਂਦਾ ਹੈ ਅਤੇ ਇੱਥੇ ਬਹੁਗਿਣਤੀ ਕਲੋਟੀ ਗੋਤ ਦੇ ਲੋਕਾਂ ਦੀ ਹੈ। ਇਹ ਪੜ੍ਹਿਆਂ-ਲਿਖਿਆਂ ਦਾ ਪਿੰਡ ਕਹਾਉਂਦਾ ਹੈ ਜਿੱਥੋਂ ਦੇ ਦਰਜਨਾਂ ਵਿਅਕਤੀ ਸਰਕਾਰੇ-ਦਰਬਾਰੇ ਉੱਚ-ਅਹੁਦਿਆਂ 'ਤੇ ਬਿਰਾਜਮਾਨ ਹਨ। ਆਪ ਦੇ ਦੋ ਭਰਾ ਅਤੇ ਇੱਕ ਭੈਣ ਹੈ। ਸੈਣੀ ਸਾਹਿਬ ਨੇ ਸਕੂਲੀ ਸਿੱਖਿਆ ਟਾਂਡਾਉੜਮੁੜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਅਤੇ ਗ੍ਰੈਜੂਏਸ਼ਨ ਦੀ ਪੜ੍ਹਾਈ ਇਥੋਂ ਦੇ ਹੀ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਤੋਂ ਕੀਤੀ। ਪੋਸਟਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕਰਨ ਲਈ ਆਪ ਚੰਡੀਗੜ੍ਹ ਆ ਗਏ ਪਰ ਝੁਕਾ ਬਿਜ਼ਨਸ ਵੱਲ ਹੋਣ ਕਾਰਨ ਉਸਾਰੀ ਦੇ ਕਾਰਜਾਂ ਵਿੱਚ ਰੁੱਝ ਗਏ। ਇਸ ਸਮੇਂ ਆਪ ਚੰਡੀਗੜ੍ਹ ਦੇ ਪੌਸ਼ ਖੇਤਰ, ਸੈਕਟਰ 8 ਦੇ ਪੱਕੇ ਵਸਨੀਕ ਬਣ ਗਏ ਹਨ। ਇਸ ਦੇ ਬਾਵਜੂਦ ਆਪਣੇ ਇਲਾਕੇ ਨਾਲ ਆਪ ਦਾ ਲਗਾਵ ਕਾਇਮ ਰਿਹਾ। ਇਸ ਲਈ ਆਪਣੇ ਲੋਕਾਂ ਦੀ ਬਿਹਤਰੀ ਲਈ ਸਿੱਖਿਆ ਜਿਹੇ ਪਵਿੱਤਰ ਕਾਰਜ ਵਿੱਚ ਯੋਗਦਾਨ ਪਾਉਣ ਲਈ ਟਾਂਡਾਉੜਮੁੜ ਦੇ ਬਿਲਕੁਲ ਨਜ਼ਦੀਕਤੋਂ ਹਰਗੋਬਿੰਦਪੁਰ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਸ਼ਾਹਬਾਜ਼ਪੁਰ ਵਿਖੇ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਕੀਤੀ। ਇਹ ਸਕੂਲ ਸੀ.ਬੀ.ਐਸ.ਸੀ. ਨਾਲ ਐਫਲਿਏਟਿਡ ਹੈ। ਸ.ਤਰਲੋਚਨ ਸਿੰਘ ਜੀ ਦੀ ਯੋਗ ਦੇਖਰੇਖ ਅਤੇ ਅਗਵਾਈ ਸਦਕਾ ਇਹ ਸਕੂਲ ਹਰ ਸਾਲ ਦਰਜਨਾਂ ਹੀ ਅਜਿਹੇ ਵਿਦਿਆਰਥੀ ਪੈਦਾ ਕਰਦਾ ਹੈ ਜੋ ਆਪਣੀ ਉੱਚ-ਯੋਗਤਾ ਸਦਕਾ ਮਾਣਯੋਗ ਅਹੁਦਿਆਂ 'ਤੇ ਨਿਯੁਕਤ ਹੁੰਦੇ ਹਨ।

ਆਪ ਦੀ ਜੀਵਨ-ਸਾਥਣ ਸ਼੍ਰੀਮਤੀ ਕਮਲੇਸ਼ ਕੌਰ ਇੱਕ ਸੁੱਘੜ ਸਿਆਣੀ ਤੇ ਪੜ੍ਹੀ-ਲਿਖੀ ਔਰਤ ਹੈ ਜਿਸ ਨੇ ਆਪਣੇ ਪਤੀ ਦੀ ਸਫਲਤਾ ਵਿੱਚ ਸਾਕਾਰਾਤਮਿਕ ਯੋਗਦਾਨ ਪਾਇਆ ਹੈ।ਆਪ ਦਾ ਇਕ ਪੁੱਤਰ ਅਤੇ ਇੱਕ ਬੇਟੀ ਹੈ। ਬੇਟਾ ਸ. ਗੁਰਪ੍ਰੀਤ ਸਿੰਘ ਸੈਣੀ ਐਡਵੋਕੇਟ ਹੈ ਜੋ ਕਿ ਚੰਡੀਗੜ੍ਹ ਕੋਰਟਸ ਵਿੱਚ ਵਕਾਲਤ ਕਰਦਾ ਹੈ ਅਤੇ ਨੂੰਹ ਵੀ ਐਲ.ਐਲ.ਬੀ. ਡਿਗਰੀ ਹੋਲਡਰ ਹੈ। ਆਪ ਦੇ ਘਰ ਪੋਤਰੀ-ਅੰਬਰੀਨ ਕੌਰ ਦੇ ਰੂਪ ਵਿੱਚ ਨਵਾਂ ਫੁੱਲ ਖਿੜਿਆ ਹੈ ਜਿਸ ਨੇ ਸਾਰੇ ਘਰ ਨੂੰ ਖੁਸ਼ਬੂ ਨਾਲ ਭਰ ਦਿੱਤਾ ਹੈ।



ਇੱਕ ਨਿਮਰ ਇਨਸਾਨ ਵਾਂਗ ਸ. ਤਰਲੋਚਨ ਸਿੰਘ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਦਾਦਾ ਸ. ਸਵਰਨ ਸਿੰਘ ਜੀ ਦੇ ਸਿਰ ਬੰਨ੍ਹਦੇ ਹਨ ਜੋ ਪ੍ਰਮਾਤਮਾ ਨਾਲ ਅਭੇਦ ਹੋਏ ਰੂਹਾਨੀ ਪੁਰਸ਼ ਸਨ। ਉਹ ਸਾਰੀ ਉਮਰ ਬਾਬਾ ਵਡਭਾਗ ਸਿੰਘ ਜੀ ਦੇ ਸ਼ਰਧਾਲੂ ਬਣ ਕੇ ਗੁਰੂ ਨਾਨਕ ਦੇਵ ਜੀ ਦੀ ਬੰਦਗੀ ਕਰਦੇ ਰਹੇ। ਆਪ ਜੀ ਦੀ ਯਾਦ ਨੂੰ ਸਮਰਪਿਤ ਪਿੰਡ ਵਿੱਚ ਗੁਰੂਦੁਆਰਾ ਸਾਹਿਬ ਮੌਜੂਦ ਹੈ ਜਿਸ ਵਿੱਚ ਹਰ ਸਾਲ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ। ਇਸ ਪਰਿਵਾਰ ਨੇ ਆਪਣੇ ਵਿਰਸੇ ਨੂੰ ਭਲੀਭਾਂਤ ਸੰਭਾਲਿਆ ਹੋਇਆ ਹੈ। ਸੈਣੀ ਬਰਾਦਰੀ ਨੂੰ ਸ. ਤਰਲੋਚਨ ਸਿੰਘ 'ਤੇ ਅੰਤਾਂ ਦਾ ਮਾਣ ਹੈ। ਸੈਣੀ ਭਵਨ ਰੁਪਨਗਰ ਦੇ ਪ੍ਰਬੰਧਕ ਆਪ ਦੀ ਸਫਲਤਾ ਦੀ ਕਾਮਨਾ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਸਰਬਸਮਰੱਥ ਆਪ ਨੂੰ ਤੰਦਰੁਸਤੀ ਤੇ ਲੰਬੀ ਉਮਰ ਬਖਸ਼ੇ ਤਾਂ ਜੋ ਉਹ ਬਰਾਦਰੀ ਦੀ ਸੇਵਾ ਕਰਦੇ ਰਹਿਣ।

* * * * *

## ਨਿੰਦਣਯੋਗ ਕਾਰਾ

ਇਰਾਕ ਦੇ ਸ਼ਹਿਰ ਮੌਸੂਲ ਵਿੱਚ ਚਾਰ ਸਾਲ ਪਹਿਲਾਂ ਫੜੇ 39 ਭਾਰਤੀਆਂ ਨੂੰ ਦਹਿਸ਼ਤੀ ਸੰਗਠਨ ਇਸਲਾਮਿਕ ਸਟੇਟ(ਆਈਸਿਸ) ਵਲੋਂ ਕਤਲ ਕੀਤੇ ਜਾਣ ਦੀ ਖ਼ਬਰ ਸੁਣ ਕੇ ਹਰ ਇਨਸਾਨ ਦਾ ਦਿਲ ਦਹਿਲ ਗਿਆ ਹੈ। ਇਨ੍ਹਾਂ ਨਿਰਦੋਸ਼ਾਂ ਵਿਚੋਂ 27 ਪੰਜਾਬੀ ਸਨ ਜੋ ਆਪਣੇ ਮਾਂਬਾਪ ਦੀ ਗਰੀਬੀ ਦੂਰ ਕਰਨ ਦੇ ਉਦੇਸ਼ ਨਾਲ ਵਰ੍ਹਦੀ ਅੱਗ ਵਿੱਚ ਇਰਾਕ ਗਏ ਸਨ। ਇਨ੍ਹਾਂ ਦਾ ਦੋਸ਼ ਕੇਵਲ ਇਹ ਸੀ ਕਿ ਉਹ ਮੁਸਲਮਾਨ ਨਹੀਂ ਸਨ। ਸੈਣੀ ਭਵਨ ਇਸ ਅਣਮਨੁੱਖੀ ਕਾਰੇ ਦੀ ਘੋਰ ਨਿੰਦਾ ਕਰਦਾ ਹੈ ਅਤੇ ਇਸ ਤੋਂ ਪੀੜਿਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

• ਆਸ਼ਾਵਾਦੀ ਹਨ੍ਹੇਰੇ ਵਿੱਚ ਵੀ ਵੇਖ ਲੈਂਦਾ ਹੈ, ਪਰ ਨਿਰਾਸ਼ਾਵਾਦੀ ਦੀਵੇ ਨੂੰ ਵੀ ਫੂਕ ਮਾਰ ਕੇ ਬੁਝਾ ਦਿੰਦਾ ਹੈ।



# ਅਗਾਂਹਵਧੂ ਕਿਸਾਨ ਨਰਿੰਦਰ ਸਿੰਘ

ਰਾਜਿੰਦਰ ਸੈਣੀ

ਇਕ ਪਾਸੇ ਜਿੱਥੇ ਕਿਸਾਨ ਰਵਾਇਤੀ ਫਸਲਾਂ ਦੀ ਖੇਤੀ ਕਰਨ ਨਾਲ ਕਰਜ਼ੇ ਦੀ ਪੰਡ ਭਾਰੀ ਹੋਣ ਕਰਕੇ ਆਏ ਦਿਨ ਖੁਦਕੁਸ਼ੀਆਂ ਕਰ ਰਹੇ ਹਨ ਉੱਥੇ ਖੇਤੀ ਦੀ ਵਿਭਿੰਨਤਾ ਤਹਿਤ ਰਵਾਇਤੀ ਖੇਤੀ ਤੋਂ ਹਟ ਕੇ ਜੜ੍ਹੀਆਂ ਬੂਟੀਆਂ ਅਤੇ ਘੀ-ਕਵਾਰ (ਐਲੋਵੀਰਾ) ਦੀ ਖੇਤੀ ਨੇ ਰੂਪਨਗਰ ਜ਼ਿਲ੍ਹੇ ਦੇ ਪਿੰਡ ਡਕਾਲਾ ਦੇ ਇੱਕ ਕਿਸਾਨ ਨੂੰ ਮਾਲਾਮਾਲ ਕਰ ਦਿੱਤਾ ਹੈ। ਮੈਂ ਗੱਲ ਕਰ ਰਿਹਾ ਹਾਂ ਇੱਕ ਅਗਾਂਹਵਧੂ ਕਿਸਾਨ ਨਰਿੰਦਰ ਸਿੰਘ ਦੀ, ਜੋ ਕਿਸਾਨਾਂ ਲਈ ਪ੍ਰੇਰਨਾ ਦਾ ਸਰੋਤ ਹਨ। ਇਸ ਕਿਸਾਨ ਨੇ ਉਹ ਕਰ ਵਿਖਾਇਆ ਹੈ ਜੋ ਅੱਜ ਦੇ ਤੇਜੀ ਨਾਲ ਬਦਲ ਰਹੇ ਸਮੇਂ ਦੌਰਾਨ ਕਿਸਾਨਾਂ ਨੂੰ ਰਵਾਇਤੀ ਖੇਤੀ 'ਚ ਪੈ ਰਹੇ ਘਾਟੇ ਨੂੰ ਪੂਰਾ ਕਰਨ ਲਈ ਸਹਾਈ ਸਿੱਧ ਹੋ ਸਕਦਾ ਹੈ। ਕਿਸਾਨ ਸ.ਨਰਿੰਦਰ ਸਿੰਘ ਰੂਪਨਗਰ ਜ਼ਿਲ੍ਹੇ ਦੇ ਪਿੰਡ ਡਕਾਲਾ ਦੇ ਵਸਨੀਕ ਹਨ। ਉਸ ਨੇ ਆਪਣੀ ਸੋਚ, ਮਿਹਨਤ ਤੇ ਹਿੰਮਤ ਨਾਲ ਅੱਜ ਤੋਂ 12 ਸਾਲ ਪਹਿਲਾਂ 25 ਏਕੜ ਰਕਬੇ ਵਿੱਚ ਜੜ੍ਹੀਆਂ ਬੂਟੀਆਂ ਅਤੇ ਘੀ-ਕਵਾਰ ਦੀ ਖੇਤੀ ਸ਼ੁਰੂ ਕੀਤੀ।

ਅਗਾਂਹਵਧੂ ਕਿਸਾਨ ਨਰਿੰਦਰ ਸਿੰਘ ਜੋ ਕਿ ਪੜ੍ਹਾਈ ਪੱਖੋਂ ਤਾਂ ਘੱਟ ਯੋਗਤਾ ਰੱਖਦਾ ਹੈ ਪਰ ਸਮਾਜ ਵਿੱਚ ਕੁੱਝ ਵੱਖਰਾ ਕਰਨ ਦਾ ਖਵਾਬ ਰੱਖਣ ਕਾਰਨ ਉਨ੍ਹਾਂ ਆਯੁਰਵੈਦਿਕ ਵਿਭਾਗ ਤੋਂ ਪ੍ਰੇਰਿਤ ਹੋ ਕੇ ਅੱਜ ਜ਼ਿਲ੍ਹੇ ਵਿੱਚ ਆਪਣੀ ਫਾਰਮੇਸੀ 'ਰਜਨੀ ਹਰਬਲਜ਼' ਦੀ ਸਥਾਪਨਾ ਕਰ ਲਈ ਹੈ। ਇੱਥੇ ਲਗਭੱਗ 15 ਵਿਅਕਤੀਆਂ ਨੂੰ ਰੋਜ਼ਗਾਰ ਦਿੱਤਾ ਹੋਇਆ ਹੈ ਜਿਸ ਵਿੱਚ ਇੱਕ ਆਯੁਰਵੈਦਿਕ ਡਾਕਟਰ ਵੀ ਸ਼ਾਮਿਲ ਹੈ। ਇਸ ਫਾਰਮੇਸੀ ਵਿੱਚ 25 ਤੋਂ ਵੱਧ ਉਤਪਾਦ ਤਿਆਰ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਦੰਤ ਰਤਨ ਟੂਥ ਪੇਸਟ, ਫੇਸ ਵਾਸ਼, ਜੈਂਲ, ਐਲੋਵੀਰਾ ਜੂਸ, ਲੀਵਰ, ਜੋੜਾਂ ਦਾ ਦਰਦ, ਕੋਲੈਸਟਰੋਲ ਆਦਿ ਠੀਕ ਕਰਨ ਲਈ ਦਵਾਈਆਂ ਆਦਿ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਅੱਜ ਭਾਰਤ ਦੀ ਸਰਕਾਰੀ ਏਅਰ ਲਾਈਨ (ਏਅਰ ਇੰਡਿਆ) ਲਈ ਵੀ ਟੂਥਪੇਸਟ ਤਿਆਰ ਕਰਦੇ ਹਨ। ਜਿਸ ਦੀ ਸਪਲਾਈ ਭਾਰਤ ਦੇ ਨਾਲ ਨਾਲ ਅੰਤਰ-ਰਾਸ਼ਟਰੀ ਪੱਧਰ ਤੇ ਹੁੰਦੀ ਹੈ। ਇਸ ਯੂਨਿਟ ਦੀ ਸਾਲਾਨਾ ਟਰਨ ਓਵਰ ਲਗਭਗ ਇੱਕ ਕਰੋੜ ਹੈ। ਇਸ ਤੋਂ ਇਲਾਵਾ ਇਸ ਕਿਸਾਨ ਨੇ ਇੱਕ ਫੂਡ ਪ੍ਰਸੈਸਿੰਗ ਯੂਨਿਟ ''ਡਕਾਲਾ ਹਰਬਲਜ਼'' ਦੇ ਨਾਮ ਨਾਲ ਲਗਾਇਆ ਹੈ। ਇਸ ਕਿਸਾਨ ਦਾ ਮੁੱਖ ਟੀਚਾ ਆਪਣੇ ਖੇਤਰ ਵਿੱਚ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣਾ, ਕਿਸਾਨਾਂ ਨੂੰ ਰਵਾਇਤੀ ਖੇਤੀ ਤੋਂ ਹਟਾ ਕੇ ਜੜ੍ਹੀਆਂ ਬੂਟੀਆਂ ਦੀ ਖੇਤੀ ਵੱਲ੍ਹ ਪ੍ਰੇਰਿਤ ਕਰਨਾ ਹੈ। ਇਸ ਕਿਸਾਨ ਦਾ ਕਹਿਣਾ ਹੈ ਕਿ ਇਨਸਾਨ ਨੂੰ ਲਕੀਰ ਦਾ ਫਕੀਰ ਨਹੀਂ ਬਣਨਾ ਚਾਹੀਦਾ ਸਗੋਂ ਜੇਕਰ ਦੂਜਿਆ ਤੋਂ ਹੱਟ ਕੰਮ ਕੀਤਾ ਜਾਵੇ ਤਾਂ ਕਾਮਯਾਬੀ ਖੁਦ ਪੈਰ ਚੁੰਮਦੀ ਹੈ। ਇਸ ਫਾਰਮੈਸੀ ਦੀ ਸਫਲਤਾ ਕਾਰਨ ਇਸ ਕਿਸਾਨ ਨੇ ਆਪਣੇ ਬੀ-ਟੈਕ ਲੜਕੇ ਕੁਲਤਾਰ ਸਿੰਘ ਅਤੇ ਬੀ.ਏ.ਐਮ.ਐਸ ਡਾਕਟਰ ਨੂੰਹ ਮਨਿੰਦਰ ਕੌਰ ਨੂੰ ਵੀ ਆਪਣੇ ਇਸ ਫਾਰਮੈਸੀ ਦੇ ਧੰਦੇ ਵਿੱਚ ਲਗਾ ਲਿਆ ਹੈ।



ਸ. ਨਰਿੰਦਰ ਸਿੰਘ ਨੇ ਆਪਣਾ ਰਜਨੀ ਹਰਬਲ ਫਾਰਮੇਸੀ ਯੂਨਿਟ ਰੂਪਨਗਰ-ਨੰਗਲ ਨੈਸ਼ਨਲ ਹਾਈਵੇ 'ਤੇ ਪਿੰਡ ਮਲਕਪੁਰ ਨੇੜੇ ਸਥਾਪਿਤ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਐਲੋਵੀਰਾ ਦਾ ਰਸ ਸ਼ੂਗਰ, ਹਾਰਟ ਅਟੈਕ ਅਤੇ ਕੈਂਸਰ ਵਰਗੀਆਂ ਅਲਾਮਤਾਂ ਨੂੰ ਆਉਣ ਤੋਂ ਰੋਕਦਾ ਹੈ। ਹੁਣ ਉਸ ਨੂੰ ਆਪਣੇ ਫਾਰਮੇਸੀ ਵਿੱਚ ਤਿਆਰ ਕੀਤੇ ਉਤਪਾਦਾਂ ਦੀ ਵਿਕਰੀ ਕਰਨ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆ ਰਹੀ ਕਿਉਂਕਿ ਲੋਕ ਖੁਦ ਹੀ ਉਨ੍ਹਾਂ ਕੋਲ ਤਿਆਰ ਕੀਤੇ ਸਮਾਨ ਨੂੰ ਖਰੀਦਣ ਲਈ ਪਹੁੰਚ ਜਾਂਦੇ ਹਨ। ਕਿਸਾਨ ਨਰਿੰਦਰ ਸਿੰਘ ਦੀ ਕਾਮਯਾਬੀ ਅੱਜ ਕਿਸਾਨਾਂ ਲਈ ਮਿਸਾਲ ਬਣ ਚੁੱਕੀ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਬਰਾਦਰੀ ਦੇ ਇਸ ਕਿਸਾਨ ਨੂੰ ਸਫਲਤਾ ਦੀ ਮੰਜ਼ਲ ਤਹਿ ਕਰਨ ਲਈ ਵਧਾਈ ਦਿੰਦੇ ਹਨ ਅਤੇ ਸਮੂਚੇ ਪਰਿਵਾਰ ਨੂੰ ਹੋਰ ਬੁਲੰਦੀਆਂ ਹਾਸਲ ਕਰਨ ਲਈ ਸੁਭ ਕਾਮਨਾਵਾਂ ਦਿੰਦੇ ਹਨ।

* * * * *

## ਅਨਮੋਲ ਬਚਨ

- ਲੋਕ ਪਹਿਨਣ ਅਤੇ ਖਾਣ-ਪੀਣ ਦਾ ਪੱਧਰ ਉੱਚਾ ਕਰ ਲੈਂਦੇ ਹਨ, ਪਰ ਸੋਚਣ ਦਾ ਪੱਧਰ ਉੱਚਾ ਕਰਨ ਵੱਲ ਕੋਈ ਧਿਆਨ ਨਹੀਂ ਦਿੰਦਾ।

- " ਤੁਸੀਂ ਆਪਣੇ ਚੰਗੇ ਕੰਮਾਂ ਦੇ ਬੀਜ ਬੀਜਦੇ ਰਹੋ। ਤੁਹਾਨੂੰ ਨਹੀਂ ਪਤਾ ਕਿ ਉਨ੍ਹਾਂ ਵਿੱਚੋਂ ਕਿਹੜਾ ਬੀਜ ਫਲ ਦੇਣ ਵਾਲਾ ਹੋਵੇਗਾ। ਇਹ ਵੀ ਤਾਂ ਹੋ ਸਕਦਾ ਹੈ ਕਿ ਸਾਰੇ ਹੀ ਫਲ ਦੇਣ ਵਾਲੇ ਹੋਣ"।-

ਐਲਬਰਟ ਆਈਂਸਟੀਨ (ਭੌਤਿਕ ਵਿਗਿਆਨੀ)



# ਸਰੀਰਕ ਤੰਦਰੁਸਤੀ ਲਈ ਆਯੁਰਵੈਦਿਕ ਨੁਸਖੇ

ਡਾ. ਨਰੇਸ਼ ਸੈਣੀ
ਰਿਟਾ.ਜ਼ਿਲ੍ਹਾ ਆਯੁਰਵੈਦਿਕ ਅਫ਼ਸਰ
ਅੰਬਾਲਾ ਸ਼ਹਿਰ

**ਲੋੜ ਤੋਂ ਵੱਧ ਖਾਧੇ ਗਏ ਭੋਜਨ ਨੂੰ ਪਚਾਉਣ ਦੇ ਢੰਗ–**

| ਅਧਿਕ ਖਾਧਾ ਗਿਆ ਪਦਾਰਥ | ਪਚਾਉਣ ਲਈ ਖਾਧਾ/ਪਿਤਾ ਜਾਣ ਵਾਲਾ ਪਦਾਰਥ |
|---|---|
| ਘਿਓ, | ਨਿੰਬੂ ਦਾ ਰਸ |
| ਚੌਲ | ਅਜਵਾਇਣ |
| ਮਾਂਹ ਦੀ ਦਾਲ | ਗੁੜ |
| ਮਟਰ | ਲੂਣ ਲਗਾ ਕੇ ਅਦਰਕ |
| ਬੈਂਗਣ | ਥੋੜ੍ਹਾ ਜਿਹਾ ਸਰੋਂ ਦਾ ਤੇਲ |
| ਮੂੰਗੀ ਅਤੇ ਹੋਰ ਦਾਲਾਂ | ਅੱਧਾ ਚਮਚਾ ਸਿਰਕਾ ਪਾਣੀ ਮਿਲਾ ਕੇ |
| ਗੰਨੇ ਦਾ ਰਸ | ਬੇਰ |
| ਸੇਬ | ਦੋ ਗ੍ਰਾਮ ਦਾਲਚੀਨੀ |
| ਖੀਰ | 3-4 ਕਾਲੀਆਂ ਮਿਰਚਾਂ |
| ਪੂਰੀ/ਕਚੌਰੀ | ਗਰਮ ਪਾਣੀ/ਚਾਹ |

**ਜਿਹੜੀਆਂ ਚੀਜ਼ਾਂ ਇਕੱਠੀਆਂ ਖਾਣੀਆਂ ਨੁਕਸਾਨਦੇਹ ਹਨ–**

ਦੁੱਧ ਨਾਲ ਲੂਣ / ਦਹੀਂ / ਇਮਲੀ।
ਖੀਰ ਨਾਲ ਸ਼ਰਾਬ / ਖਿਚੜੀ / ਸੱਤੂ।
ਗਰਮ ਪਾਣੀ ਨਾਲ ਅੰਗੂਰ / ਮੂਲੀ / ਸ਼ਹਿਦ।
ਠੰਢੇ ਪਾਣੀ ਨਾਲ ਘਿਓ / ਤੇਲ / ਗਰਮ ਦੁੱਧ।
ਦਹੀਂ ਨਾਲ ਖੀਰ / ਪਨੀਰ / ਦੁੱਧ।
ਚਾਹ ਨਾਲ ਖਰਬੂਜ਼ਾ / ਤਰ / ਖੀਰਾ।
ਸ਼ਹਿਦ ਨਾਲ ਗਰਮ ਪਦਾਰਥ / ਮੂਲੀ / ਅੰਗੂਰ।

**ਜਿਹੜੀਆਂ ਚੀਜ਼ਾਂ ਇਕੱਠੀਆਂ ਖਾਣੀਆਂ ਫ਼ਾਇਦੇਮੰਦ ਹਨ–**

ਕੇਲੇ ਅਤੇ ਛੋਟੀ ਅਲਾਇਚੀ।
ਇਮਲੀ ਅਤੇ ਗੁੜ।
ਅਮਰੂਦ ਅਤੇ ਸੌਂਫ਼।
ਗਾਜਰ ਅਤੇ ਮੇਥੀ ਦੇ ਪੱਤੇ।
ਬਾਥੂ ਅਤੇ ਦਹੀਂ।
ਅੰਬ ਅਤੇ ਦੁੱਧ।
ਮੂਲੀ ਅਤੇ ਮੂਲੀ ਦੇ ਪੱਤੇ।

**ਖਾਣ ਵਾਲੀਆਂ ਚੀਜ਼ਾਂ ਨਾਲ ਬਿਮਾਰੀਆਂ ਦਾ ਇਲਾਜ–**

<u>ਬਿਮਾਰੀ ਇਲਾਜ</u>

ਬੇਹੋਸ਼ੀ – ਤੁਲਸੀ ਦਾ ਰਸ ਨੱਕ ਵਿੱਚ ਪਾਓ।
ਹੈਜਾ – ਤੁਲਸੀ ਦੇ ਪੱਤੇ ਅਤੇ ਕਾਲੀ ਮਿਰਚ 5-5 ਖਾਓ।
ਹਿਚਕੀ – ਅਦਰਕ ਦਾ ਟੁਕੜਾ ਚੂਸੋ।
ਪੀਲ਼ੀਆ – ਟਮਾਟਰ ਦਾ ਰਸ 200 ਗ੍ਰਾਮ ਪੀਓ।
ਸ਼ੂਗਰ – ਟਮਾਟਰ ਦੇ 150 ਗ੍ਰਾਮ ਰਸ ਵਿੱਚ 1 ਚਮਚਾ ਨਿੰਬੂ ਰਸ ਜਾਂ ਕਰੇਲੇ ਦਾ ਰਸ ਪਾ ਕੇ ਪੀਓ।
ਨਸ਼ਾ – ਪਿਆਜ ਦਾ ਰਸ ਪਿਆਓ।
ਨਮੂਨੀਆਂ– ਕੋਸੇ ਪਾਣੀ ਵਿੱਚ ਇੱਕ ਚਮਚਾ ਲਸਣ-ਰਸ ਪਾ ਕੇ ਦਿਓ।
ਪੇਟ ਦਰਦ – ਅੱਧਾ ਚਮਚਾ ਲਸਣ ਰਸ ਵਿੱਚ ਪਾਣੀ ਅਤੇ ਸੇਂਧਾ ਲੂਣ ਮਿਲਾ ਕੇ ਪਿਲਾਓ।
ਪਿਸ਼ਾਬ ਜ਼ਿਆਦਾ ਆਉਣਾ – ਅਜਵਾਇਣ ਅਤੇ ਤਿਲ ਮਿਲਾ ਕੇ ਖਾਓ।
ਜ਼ੁਕਾਮ – ਅਜਵਾਇਣ ਨੂੰ ਗਰਮ ਕਰ ਕੇ ਸੁੰਘੋ।

❋ ❋ ❋ ❋ ❋



# ਇੰਤਜ਼ਾਰ

ਪ੍ਰੋ. ਬਲਦੇਵ ਬੋਲਾ

ਮੈਂ ਆਵਾਂਗਾ ਜ਼ਰੂਰ
ਮੇਰਾ ਇੰਤਜ਼ਾਰ ਕਰੀਂ,
ਮੇਰੇ ਸੁਪਨਿਆਂ 'ਚ ਸੁਲਘਦਾ ਚਿਹਰਾ
ਮੇਰੇ ਖੁਆਬਾਂ 'ਚ ਵਿਲਕਦੇ
ਕੋਮਲ ਫੁੱਲਾਂ ਦੀ ਤੜਪ
ਅਚੇਤ 'ਚ ਵਸਦੇ
ਮੇਰੇ ਪਿਆਰ ਦੇ ਨਾਂ ਇੱਕ ਰੁੱਕਾ
ਮੈਂ ਆਵਾਂਗਾ ਜ਼ਰੂਰ....
ਨਿਰਾਸ਼ ਨਾ ਹੋਵੀਂ
ਹਰ ਪਲ ਇੰਤਜ਼ਾਰ ਕਰਨਾ
ਉਦੋਂ ਉਡੀਕਣਾ
ਜਦੋਂ ਸਭ ਦੀਆਂ ਆਸਾਂ ਟੁੱਟ ਜਾਣ
ਸਦੀਵੀ ਆਸ ਨਾਲ ਇੰਤਜ਼ਾਰ ਕਰਨਾ
ਮੈਂ ਆਵਾਂਗਾ ਜ਼ਰੂਰ......
ਇਸ ਤੋਂ ਪਹਿਲਾਂ
ਕਿ ਯਾਦਾਂ ਦਾ ਹਰਿਆ ਭਰਿਆ
ਗੁੱਲਦਸਤਾ ਸੁੱਕ ਜਾਵੇ
ਉਮਰਾਂ ਦੇ ਮਾਨਸਰੋਵਰ 'ਚੋਂ
ਸਾਹਵਾਂ ਦਾ ਪਾਣੀ ਮੁੱਕ ਜਾਵੇ
ਮੈਂ ਆਵਾਂਗਾ ਜ਼ਰੂਰ......



## WONDERS OF NATURE

Dr. Manavpreet Kaur
Dallas (USA)

### SMOKING HILLS

The **Smoking Hills** are located on the east coast of Cape Bathurst in Canada's Northwest Territories, next to the Arctic Ocean and a small group of lakes.The cliffs were named by explorer John Franklin, who discovered them on his 1826 expeditions.



They contain strata of hydro carbons (oil shales), which have been burning continuously for centuries.The fires result from autoignition of sulphur-rich lignite deposits. The clouds of smoke have given the region its name. Over time the sulphur dioxide from the smoke has acidified the shallow ponds of area < 2.5 acres and depth < 1 metre or 3.3 feet in the Tundra dotting the area. Elevated concentrations of metals - Aluminium, Iron, Zinc, Nickel, Manganese and Cadmium occur in these acidic ponds. Soils and sediments have also been chemically altered. The acidic biota in the ponds are characteristic of acidic environments worldwide, in contrast to the typically Arctic biota in adjacent alkaline ponds. Although the soil of the region contains much limestone, the buffer effect has completely disappeared.

The nearest community, Paulatuk, which is about 105 km east, is named in recognition of the coal found in the area, traditionally spelt "Paulatuuq" or "place of coal".

### BURNING MOUNTAINS

**Burning Mountain**, the common name for **Mount Wingen**, is a hill near Wingen, New South Wales, Australia, approximately 224 km North of Sydney just off the New England Highway. It takes its name from asmouldering coal seam running underground through the sandstone. Burning Mountain is contained within the Burning Mountain Nature Reserve, which is administered by the NSW National Parks and Wildlife Service(NPWS).




. The underground fire is estimated to be at a depth of around 30 m. It is estimated that the fire has burned for approximately 6,000 years and is the oldest known coal fire. European explorers and settlers to the area believed the smoke, coming from the ground, was volcanic in origin. It was not until 1829 that geologist Reverend C.P.N. Wilton identified it as a coal seam fire. The fire is generally moving in a southerly direction at a rate of about 1 m per year. The combustion has caused soil discolouration and an uneven ground surface in the area.

❈ ❈ ❈ ❈ ❈

## GENERAL KNOWLEDGE

### Some Important facts about Earth

Distance from Sun = 14,95,97,900 Km.

Distace from Moon = 3,84,400 Km.

Equatorial Diameter = 12,756.8 Km.

Polar Diameter = 12,713.8 Km.

Velocity of Revolution around Sun = 107, 160 Km/hr.

Velocity of Rotation around its axis = 1610 Km/hr.

Area of Surface = 51,00,66,000 Sq.Km.

Land Surface = 14,84,29,000 Sq.Km.

Biggest Continent- Asia , Area = 4.45 crore Sq.Km.

Smallest Continent- Oceania including Australia , Area = 86 lakh Sq.Km.

Water Surface = 36,16,37,000 Sq.Km.

Biggest Ocean - Pacific Ocean, Area = 17.97 crore Sq.Km.

Smallest Ocean- Arctic Ocean, Area = 1.41 crore Sq.Km.

ਡਾ. ਅਜਮੇਰ ਸਿੰਘ

# ਮੁਰੱਬਿਆਂ ਦਾ ਮਾਲਕ ਹਜ਼ਰਤ ਬਾਬਾ ਨਾਨਕ



(ਸਾਲ 2018 -2019 ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਇਸ ਮਹਾਨ ਇਨਕਲਾਬੀ ਯੁੱਗ-ਪਲਟਾਊ ਰੂਹਾਨੀ ਮਹਾਂਪੁਰਸ਼ ਨੂੰ ਅਕੀਦਤ ਦੇ ਫੁੱਲ ਭੇਂਟ ਕਰਨ ਲਈ ਇਸ ਸਾਲ ਦੇ ਸਾਰੇ 'ਸੈਣੀ ਸੰਸਾਰ' ਮੈਗਜ਼ੀਨਾਂ ਵਿੱਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਘਟਨਾਵਾਂ ਦਰਜ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਹਥਲੀ ਘਟਨਾ ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੀ ਪੁਸਤਕ,'ਗੌਤਮ ਤੋਂ ਤਾਸਕੀ' ਵਿੱਚ ਬਿਆਨ ਕੀਤੀ ਹੈ ਜੋ ਉਸ ਨੂੰ ਨਨਕਾਣਾ ਸਾਹਿਬ ਦੀ ਫੇਰੀ ਸਮੇਂ ਇੱਕ ਮੁਸਲਮਾਨ ਠੇਕੇਦਾਰ ਨੇ ਸੁਣਾਈ ਜਦੋਂ ਉਸ ਨੇ ਗੁਰੂਦੁਆਰੇ ਦੇ ਨਾਮ ਜ਼ਮੀਨ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀ।- ਸੰਪਾਦਕ)

... ਠੇਕੇਦਾਰ ਨੇ ਦੱਸਿਆ-... ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰੂਦੁਆਰੇ ਦੇ ਨਾਮ ਹੈ। ਫਿਰ ਮੈਂ ਪੁੱਛਿਆ- ਕੀ ਮਹਾਰਾਜਾ ਰਣਜੀਤ ਸਿੰਘ ਨੇ ਦਿੱਤੀ ਸੀ ਇਹ ਜ਼ਮੀਨ ? ਠੇਕੇਦਾਰ ਨੇ ਕਿਹਾ- ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ।ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ। ਮੈਂ ਫਿਰ ਪੁੱਛਿਆ- ਭੱਟੀਆਂ ਦਾ ਸਰਦਾਰ ਕੌਣ ? ਉਸ ਨੇ ਕਿਹਾ- ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ ? ਇੱਥੇ ਪੰਜਾਹ ਪਿੰਡਾਂ ਵਿੱਚ ਬੱਚੇ-ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸ ਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇੱਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀਂ ਸੁਣਿਆਂ ਸਰਦਾਰ ਦਾ ਨਾਮ ? ਮੈਂ ਕਿਹਾ- ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ ਕਣ ਵਿੱਚ ਵਸਿਆ ਹੋਇਆ ਹੈ ਭਰਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।

ਠੇਕੇਦਾਰ ਨੇ ਕਿਹਾ-ਜੀ ਅਸੀਂ ਭੱਟੀ ਹਾਂ, ਆਮ ਨਹੀਂ ਹਾਂ। ਮੈਂ ਵੀ ਭੱਟੀ ਹਾਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ। ਇੱਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ ਭੱਟੀ ਸਰਦਾਰ ਨੇ, ਉਦੋਂ ਹੀ, ਜਦੋਂ ਉਹ ਬਚਪਨ ਵਿੱਚ ਸੀ। ਹੁਣ ਸੁਣੋ ਜ਼ਮੀਨ ਦੇਣ ਦੀ ਗੱਲ। ਰਾਇ ਬੁਲਾਰ ਖ਼ਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖੁਦਦਾਰ ਇਨਸਾਨ ਸੀ, ਪਰ ਨੇਕੀ ਦਾ ਮੁਜਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲ੍ਹੀਆਂ ਤੋਂ ਟੱਪ ਚੱਲੀ ਪਰ ਔਲਾਦ ਨਹੀਂ ਸੀ। ਦੱਸਦੇ ਨੇ ਪਈ ਘੋੜੇ 'ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ। ਗੁਰੂ ਬਾਬੇ ਦੀ ਉਮਰ 12-13 ਸਾਲ ਹੋਏਗੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉੱਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- ਬਾਬਾ ਮੇਰੀ ਮੁਰਾਦ ਪੂਰੀ ਕਰ।.....ਜੀ ਕਦੀ ਬਾਲ ਘਰ ਵਿੱਚ ਖੇਡੇ, ਇਹ ਮਨ ਵਿੱਚ ਮੁਰਾਦ ਲੈ ਕੇ ਅਰਜ਼ ਗੁਜ਼ਾਰਨ ਗਏ ਸਨ। ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾ ਕਰਨਾ। ਸਾਲ ਬਾਅਦ ਰਾਇ ਸਾਹਿਬ ਦੇ ਘਰ ਬੇਟੇ ਨੇ ਜਨਮ ਲਿਆ। ਸਰਦਾਰ ਏਨਾ ਖੁਸ਼ ਕਿ ਦਾਅਵਤ ਦਿੱਤੀ ਬੜੀ ਵੱਡੀ। ਜੀ ਨਵਾਬ ਸਾਹਿਬ ਖੁਦ ਆਏ ਸਨ ਦੌਲਤ ਖਾਨ ਸਾਹਿਬ, ਇਸ ਜਸ਼ਨ ਵਿੱਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉੱਤਰੇ ਸਨ। ਇਸ ਭਾਰੀ ਇਕੱਠ ਵਿੱਚ ਸ਼ੁਕਰਾਨਾ ਕਰਨ ਮਗਰੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰਨ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੌ ਏਕੜ ਮੁਰੱਬੇ ਜ਼ਮੀਨ ਬਾਬਾ ਜੀ ਦੇ ਨਾਮ ਹੋਏ ਜੋ ਹੁਣ ਤੱਕ ਤੁਰੇ ਆਂਵਦੇ ਹਨ।



ਪੰਦਰਾਂ ਕੁ ਸਾਲ ਪਹਿਲਾਂ ਸਾਡੇ ਖਿਆਲ ਵਿੱਚ ਇਹ ਗੱਲ ਆਈ ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿੱਚ ਬੋਲਦਾ ਨਹੀਂ। ਅਸੀਂ ਇਸ ਜ਼ਮੀਨ ਉੱਪਰ ਨਜ਼ਾਇਜ ਕਬਜ਼ੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਦੋ ਕੁ ਸੌ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰੂਦੁਆਰੇ ਦੇ ਕਬਜ਼ੇ ਵਿੱਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ। ਅਸੀਂ ਸ਼ੇਖੂਪੁਰਾ ਅਦਾਲਤ ਵਿੱਚ ਮੁਕੱਦਮਾ ( *ਸਰਵਰ ਭੱਟੀ ਅਤੇ ਹੋਰ) ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇ ਬੁਲਾਰ ਖਾਨ ਦਾ ਦਿਮਾਗ ਹਿੱਲ ਗਿਆ ਸੀ। ਉਸ ਨੇ ਅੱਧੀ ਜ਼ਮੀਨ ਇੱਕ ਫ਼ਕੀਰ ਨਾਨਕ ਦੇ ਨਾਮ ਕਰਵਾ ਦਿੱਤੀ ਸੀ ਪਰ ਉਸ ਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫੈਸਲੇ ਦੀ ਤਰੀਕ ਆਈ ਤਾਂ ਫੈਸਲਾ ਸਾਡੇ ਖਿਲਾਫ਼। ਇੰਤਕਾਲ ਤਬਦੀਲ ਨਹੀਂ ਹੋ ਸਕਦਾ।

ਅਸੀਂ ਲਾਹੌਰ ਹਾਈ ਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ। ਤਿੰਨ ਚਾਰ ਸਾਲ ਉੱਥੇ ਸੁਣਵਾਈ ਹੁੰਦੀ ਰਹੀ। ਜੱਜਮੈਂਟ ਹੋਈ ਇੰਤਕਾਲ ਤਬਦੀਲ ਨਹੀਂ ਹੋ ਸਕਦਾ (ਜੱਜ ਜਨਾਬ ਸ਼ੌਕਤ ਹੁਸੈਨ ਖਾਨ)। ਅਪੀਲ ਖਾਰਿਜ, ਦਾਖ਼ਲ ਦਫ਼ਤਰ। ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖੀਰ ਜਦੋਂ ਫ਼ੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- ਆਪਣੇ ਚਾਰ ਪੰਜ ਮੁਹਤਬਾਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜ਼ਰੂਰੀ ਗੱਲ ਕਰਨੀ ਹੈ। ਅਸੀਂ ਪੁੱਛਿਆ ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿੱਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ। ਜੱਜਾਂ ਨੇ ਕਿਹਾ- ਤੁਸੀਂ ਇਹ ਮੁਕੱਦਮਾ ਦਾਇਰ ਕਰ ਕੇ ਚੰਗਾ ਕੰਮ ਨਹੀਂ ਕੀਤਾ। ਇਹ ਦੱਸਣਾ ਹੈ। ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਕੜੇ ਬੰਦੇ ਅਦਾਲਤ ਦੇ ਬਾਹਿਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖਲ ਹੋਏ। ਇੱਕ ਮੈਂ ਵੀ ਸਾਂ। ਜੱਜਾਂ ਨੇ ਇੱਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿੱਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ- ਅਸੀਂ ਬੜੀ ਬਾਰੀਕੀ ਨਾਲ ਇਹ ਕੇਸ ਦੇਖਿਆ ਹੈ। ਤੁਸੀਂ ਗਲਤ ਕੰਮ ਛੇੜ ਬੈਠੇ। ਜਿਨ੍ਹਾਂ ਫਕੀਰਾਂ ਉੱਪਰ ਮੁਕੱਦਮੇ ਦਾਇਰ ਕੀਤੇ ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆਂ ਦੀ ਰੌਸ਼ਨੀ ਦੇਖੀ, ਤੁਸੀਂ ਉਨ੍ਹਾਂ ਉੱਪਰ ਮੁਕੱਦਮੇ ਕੀਤੇ। ਦਿਮਾਗ ਹਿੱਲ ਜਾਣ ਵਰਗੇ ਬਦ ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖਾਨ ਦਾ ਅੱਧਾ ਦਿਮਾਗ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫ਼ਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ ਉਸ ਦਾ ਦਿਮਾਗ ਤਾਂ ਪੂਰਾ ਹਿੱਲ ਗਿਆ ਸੀ ਕਿਉਂਕਿ ਉਸ ਨੇ ਕਦੇ ਇਸ ਜ਼ਮੀਨ ਵੱਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉੱਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿੱਚ ਕੀਤੇ। ਤੁਸੀਂ ਇਸ ਉੱਪਰ ਪੁਸ਼ਤਾਂ ਤੋਂ ਨਜ਼ਾਇਜ ਕਬਜ਼ੇ ਕੀਤੇ ਹੋਏ ਹਨ। ਹੁਣ ਅਦਾਲਤਾਂ ਵਿੱਚ ਦਾਅਵੇ ਕੀਤੇ। ਦਸ ਬਾਰਾਂ ਸਾਲ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਬੇਅਦਬੀ ਨਾ ਕਰੋ। ਜ਼ਮੀਨ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸ਼ਾਂ ਨੂੰ ਨਫਰਤ ਕਰਦੇ ਹੋ ਤੇ ਜ਼ਮੀਨ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ- ਜੀ ਜ਼ਮੀਨ ਸਾਡੇ ਹੀ ਕਬਜ਼ੇ ਵਿੱਚ ਹੈ ਪਰ ਰਿਕਾਰਡ ਮਾਲ ਵਿੱਚ ਸਾਡਾ ਨਾਮ ਨਹੀਂ। ਜੱਜਾਂ ਨੇ ਕਿਹਾ- ਨਾਮ ਨਹੀਂ ਰਹੇਗਾ। ਨਾ ਸਾਡਾ ਨਾ ਤੁਹਾਡਾ। ਨਾਮ ਰਹੇਗਾ ਅੱਲਾ ਪਰਵਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ ਕਰਨ ਵਾਲਿਆਂ ਦਰਵੇਸ਼ਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹ ਸਲਾਹ ਹੈ ਕਿ ਮੁਕੱਦਮਾ ਵਾਪਿਸ ਲਓ। ਅਸੀਂ ਕਿਹਾ- ਬਾਹਿਰ ਸਾਡਾ ਭਾਈਚਾਰਾ ਖਲੋਤਾ ਹੈ। ਉਸ ਨਾਲ ਸਲਾਹ ਕਰ ਲਈਏ। ਜੱਜਾਂ ਨੇ ਕਿਹਾ- ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀਂ ਚਾਰ ਵਜੇ ਤੱਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਿਸ ਨਾ ਲਿਆ ਤਾਂ ਫਿਰ ਅਸੀਂ ਫੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀਂ ਇਹ ਇੱਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀਂ ਪਾਬੰਦ ਨਹੀਂ। ਫੈਸਲਾ ਸ਼ਾਮੀਂ ਸੁਣਾਵਾਂਗੇ।

ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ ਰਿੜਕੇ। ਅਖੀਰ ਵਿੱਚ ਫੈਸਲਾ ਹੋਇਆ ਕਿ ਦੋਹਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੈ। ਅਪੀਲ ਵਾਪਿਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿਸ ਗਿਆ ਸੀ ਕਿ ਜਿੱਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਿਸ ਲੈਣ ਦਾ ਫੈਸਲਾ ਕੀਤਾ। ਸ਼ਾਮੀਂ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਿਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆਂ ਵੀ ਜਾਣੀ ਸੀ ਦੀਨ ਵੀ। ਹੁਣ ਦੋਵੇਂ ਬਚ ਗਏ। ਅਗਲੀ ਦਰਗਾਹ ਵਿੱਚ ਇਨ੍ਹਾਂ ਦਰਵੇਸ਼ਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫ਼ੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮ ਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖ਼ਸ਼ ਦਿਆ ਕਰਦੇ ਹਨ। ਦੇਖੋ ਭਰਾ ਜੀ ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਟ ਰਾਹੀਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ। ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਨ੍ਹਾਂ ਮੁਰੱਬਿਆਂ ਵਿੱਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ।

( * ਪ੍ਰੋ.ਪੰਨੂ ਅਨੁਸਾਰ ਸਰਵਰ ਭੱਟੀ ਦੇ ਦੋ ਪੁੱਤਰ ਸੱਯਦ ਉੱਲਾ ਭੱਟੀ ਅਤੇ ਪੱਪੀ ਭੱਟੀ ਹਨ। ਇਸ ਮੁਕੱਦਮੇ ਵਿੱਚ ਪਾਕਿਸਤਾਨ ਦਾ ਮੈਂਬਰ ਪਾਰਲੀਮੈਂਟ ਰਾਇ ਬਸ਼ੀਰ ਭੱਟੀ ਵੀ ਸ਼ਾਮਲ ਸੀ ਜਿਸ ਦਾ ਬੇਟਾ ਰਾਇ ਜਹਾਨ ਖਾਨ ਪੰਜਾਬ ਅਸੈਂਬਲੀ ਦਾ ਮੈਂਬਰ ਹੈ।)

ਕਹਾਣੀ

# ਰੱਬ ਇੱਕ ਧੀ ਦੇ ਦਿੰਦਾ

ਸੁਰਿੰਦਰ ਕੌਰ ਸੈਣੀ



ਮੀਤੋ ਤੀਹ ਕੁ ਸਾਲ ਦੀ ਹੋਵੇਗੀ ਜਦੋ ਉਹ ਵਿਧਵਾ ਹੋ ਗਈ ਸੀ। ਉਸਦਾ ਪਤੀ ਦਿਹਾੜੀਦਾਰ ਸੀ। ਇੱਕ ਦਿਨ ਇੱਕ ਮਕਾਨ ਦਾ ਲੈਂਟਰ ਪਾਉਦੇ ਸਮੇ ਉਹ ਕੋਠੇ ਤੋਂ ਡਿੱਗ ਗਿਆ ਸੀ ਤੇ ਉਸਦੀ ਮੌਤ ਹੋ ਗਈ ਸੀ ਉਸ ਵਕਤ ਮੀਤੋ ਬੇਸਹਾਰਾ ਹੋ ਗਈ। ਘਰ ਵਿੱਚ ਕੋਈ ਹੀਲਾ ਵਸੀਲਾ ਨਹੀ ਸੀ । ਵਿਚਾਰੀ ਲੋਕਾ ਦੇ ਘਰਾਂ ਵਿੱਚ ਭਾਂਡੇ ਮਾਂਜਣ ਲੱਗ ਪਈ ਸੀ ਤੇ ਹੋਰ ਘਰਾਂ ਦੇ ਕੰਮ ਵੀ ਕਰ ਦਿੰਦੀ ਸੀ। ਔਖੀ ਸੌਖੀ ਘਰ ਦਾ ਖਰਚਾ ਚਲਾ ਰਹੀ ਸੀ। ਸੋਚਦੀ ਸੀ ਮੁੰਡੇ ਬੜੇ ਹੋ ਜਾਣਗੇ ਤਾਂ ਆਪੇ ਹੀ ਘਰ ਦਾ ਦਲਿੱਦਰ ਚੁੱਕ ਦੇਣਗੇ।

ਉਸ ਨੇ ਮੁੰਡਿਆ ਨੂੰ ਚੰਗੇ ਸੰਸਕਾਰ ਦਿੱਤੇ ਸਨ। ਦੋਨੋ ਟਾਈਮ ਗੁਰਦੁਆਰੇ ਮੱਥਾ ਟੇਕਣ ਜਾਦੀ ਸੀ। ਅਰਦਾਸ ਕਰਦੀ ਸੀ। ਹੌਲੀ ਹੌਲੀ ਸਮਾਂ ਉਲਾਂਘਾਂ ਪੁੱਟਦਾ ਗਿਆ। ਬੜਾ ਮੁੰਡਾ ਦਸਵੀ ਪਾਸ ਕਰ ਗਿਆ ਸੀ ਤੇ ਹੁਣ ਮੀਤੋ ਉਸਨੂੰ ਹੋਰ ਨਹੀ ਪੜ੍ਹਾ ਸਕਦੀ ਸੀ। ਉਸਨੇ ਮੁੰਡੇ ਨੂੰ ਕੋਈ ਕੰਮ ਕਰਨ ਲਈ ਕਿਹਾ ਤਾਂ ਉਸਨੇ ਗੱਡੀ ਚਲਾਉਣੀ ਸਿੱਖ ਲਈ ਸੀ ਤੇ ਚਾਰ ਪੈਸੇ ਵੀ ਕਮਾਉਣ ਲੱਗ ਪਿਆ ਸੀ ।

ਸੁੱਖ ਨਾਲ ਮੀਤੋ ਦੇ ਦੋਨੋ ਮੁੰਡੇ ਲਾਇਕ ਨਿਕਲੇ ਸੀ। ਘਰ ਦੀ ਹਾਲਤ ਸੁਧਰ ਗਈ ਸੀ। ਮੀਤੋ ਨੇ ਘਰਾਂ ਦਾ ਕੰਮ ਕਰਨਾ ਛੱਡ ਦਿੱਤਾ ਸੀ । ਦੁੱਖਾਂ ਨੇ ਖੁਸ਼ੀਆਂ ਨੂੰ ਜੱਫੀਆ ਪਾ ਲਈਆ ਸੀ। ਮੀਤੋ ਨੇ ਹਨੇਰੀ ਰਾਤ ਤੋਂ ਹੱਥ ਛੁਡਾ ਕੇ ਸੂਰਜ ਦੀ ਉਂਗਲ ਫੜ ਲਈ ਸੀ। ਮੁੰਡੇ ਜਦੋ ਆਪਣੀ ਕਮਾਈ ਮੀਤੋ ਦੀ ਤਲੀ ਤੇ ਧਰਦੇ ਸੀ ਤਾਂ ਮੀਤੋ ਨੂੰ ਹੱਥਾਂ ਦੀਆਂ ਲਕੀਰਾਂ ਵਿੱਚੋ ਖੁਸ਼ੀਆਂ ਦੀਆਂ ਨਹਿਰਾਂ ਵਗਦੀਆ ਨਜ਼ਰ ਆਉਦੀਆ ਸਨ। ਪੁੱਤਰਾਂ ਦਸਾਂ ਨੂੰਹਾਂ ਦੀ ਕਮਾਈ ਵੇਖ ਕੇ ਉਸਦੀਆ ਅੱਖਾਂ ਵਿੱਚੋ ਅੱਥਰੂ ਆ ਜਾਦੇ ਸਨ।

ਬਸ ਹੁਣ ਮੀਤੋ ਦੀ ਛੇਕੜਲੀ ਸੱਧਰ ਸੀ ਕਿ ਉਸਦੇ ਮੁੰਡਿਆ ਦੇ ਚੰਗੇ ਘਰਾਂ ਵਿੱਚ ਰਿਸ਼ਤੇ ਹੋ ਜਾਣ ਤੇ ਉਹ ਸੁਰਖਰੂ ਹੋ ਜਾਵੇ। ਉਸਦੇ ਮੁੰਡੇ ਬਹੁਤ ਹੀ ਮਿਹਨਤੀ ਤੇ ਸਾਊ ਸਨ । ਸਾਰਾ ਦਿਨ ਕੰਮ ਕਰਦੇ ਸੀ ਤੇ ਰਾਤ ਨੂੰ ਮਾਂ ਦੇ ਹੱਥ ਦੀ ਪੱਕੀ ਰੋਟੀ ਖਾ ਕੇ ਮਾਂ ਨੂੰ ਅਸੀਸਾਂ ਦਿੰਦੇ ਸੀ। ਰਾਤ ਨੂੰ ਸੌਣ ਲੱਗੇ ਵਾਰੀ ਵਾਰੀ ਮਾਂ ਦੀਆਂ ਲੱਤਾਂ ਵੀ ਘੁੱਟ ਦਿੰਦੇ ਸੀ। ਮੀਤੋ ਵੀ ਖੁਸ਼ ਹੋ ਕੇ ਉਨ੍ਹਾਂ ਨੂੰ ਲੰਮੀਆਂ ਉਮਰਾਂ ਦੀਆਂ ਦੁਆਵਾਂ ਦਿੰਦੀ ਸੀ।

ਥੋੜ੍ਹੇ ਚਿਰ ਬਾਅਦ ਹੀ ਬੜੇ ਮੁੰਡੇ ਦਾ ਰਿਸ਼ਤਾ ਹੋ ਗਿਆ ਸੀ। ਕੁੜੀ ਵੀ ਸੋਹਣੀ ਸੁਨੱਖੀ ਸੀ । ਆਉਂਦੀ ਨੇ ਘਰ ਦਾ ਸਾਰਾ ਕੰਮ ਸਾਂਭ ਲਿਆ ਸੀ। ਮੀਤੋ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਸੀ। ਸਾਲ ਬਾਅਦ ਹੀ ਉਸਦੇ ਪੋਤਾ ਵੀ ਹੋ ਗਿਆ ਸੀ। ਘਰ'ਚ ਖੁਸ਼ੀਆਂ ਕਿੱਕਲੀ ਪਾ ਰਹੀਆਂ ਸਨ।

ਥੋੜ੍ਹੇ ਸਮੇਂ ਬਾਅਦ ਹੀ ਛੋਟੇ ਮੁੰਡੇ ਦਾ ਵਿਆਹ ਵੀ ਹੋ ਗਿਆ ਸੀ। ਮੀਤੋ ਦੋ ਬਹੂਆਂ ਵਾਲੀ ਹੋ ਗਈ ਸੀ। ਘਰ ਵਿੱਚ ਝਾਂਜਰਾਂ ਦੀ ਛਣਕਾਹਟ'ਚ ਉਹ ਫੁੱਲੀ ਨਹੀਂ ਸਮਾਉਂਦੀ ਸੀ। ਵਾਹਿਗੁਰੂ ਦਾ ਸ਼ੁਕਰਾਨਾ ਕਰਦੀ ਸੀ। ਪਰ ਉਸਦੀ ਕਿਸਮਤ ਵਿੱਚ ਤਾਂ ਕੁੱਝ ਹੋਰ ਲਿਖਿਆ ਸੀ। ਬੜੇ ਮੁੰਡੇ ਦਾ ਸਾਲਾ ਦਿੱਲੀ ਰਹਿੰਦਾ ਸੀ। ਉੱਥੇ ਗੱਡੀਆਂ ਦਾ ਕੰਮ ਸੋਹਣਾ ਚਲਦਾ ਸੀ ਸੋ ਮੀਤੋ ਦਾ ਬੜਾ ਮੁੰਡਾ ਵੀ ਆਪਣੀ ਵਹੁਟੀ ਨੂੰ ਲੈ ਕੇ ਦਿੱਲੀ ਆਪਣੇ ਸਾਲੇ ਕੋਲ ਚਲਾ ਗਿਆ ਸੀ। ਮੀਤੋ ਨੂੰ ਬੁਰਾ ਤਾਂ ਲੱਗਿਆ ਸੀ ਪਰ ਮੁੰਡੇ ਦੇ ਕਾਰੋਬਾਰ ਕਰਕੇ ਉਸਨੂੰ ਖੁਸ਼ੀ ਵੀ ਸੀ।

ਥੋੜ੍ਹੇ ਚਿਰ ਬਾਅਦ ਬੜੇ ਭਰਾ ਨੂੰ ਦਿੱਲੀ ਚੰਗਾ ਪੈਸਾ ਕਮਾਉਂਦਾ ਵੇਖ ਕੇ ਛੋਟਾ ਵੀ ਆਪਣਾ ਟੱਬਰ ਲੈ ਕੇ ਦਿੱਲੀ ਚਲਾ ਗਿਆ ਸੀ। ਮੀਤੋ ਘਰ ਵਿੱਚ ਇਕੱਲੀ ਰਹਿ ਗਈ ਸੀ। ਬਾਅਦ ਵਿੱਚ ਮੰਡਿਆਂ ਨੇ ਉਸਨੂੰ ਵੀ ਦਿੱਲੀ ਬੁਲਾ ਲਿਆ ਸੀ। ਛੋਟੀ ਬਹੂ ਕੋਲ ਵੀ ਕੁੜੀ ਸੀ। ਹੁਣ ਆਪਣੇ ਪੋਤੇ ਪੋਤੀ ਕੋਲ ਰਹਿ ਕੇ ਖੁਸ਼ ਸੀ। ਕੁੱਝ ਸਮਾਂ ਤਾਂ ਉਹ ਠੀਕ ਠਾਕ ਰਹੀ ਸੀ ਪਰ ਬਾਅਦ ਵਿੱਚ ਬਹੂਆਂ ਨੇ ਆਪਣਾ ਰੰਗ ਵਿਖਾਉਣਾ ਸੁਕਰ ਦਿੱਤਾ ਸੀ। ਸ਼ਹਿਰ ਦੀ ਚਮਕ ਦਮਕ'ਚ ਦੋਨੋਂ ਬਹੂਆਂ ਵਿਗੜ ਗਈਆ ਸਨ ਬਿਊਟੀਪਾਰਲਰ ਜਾਦੀਆਂ ਸੀ , ਨਵੇ ਫੈਸ਼ਨ ਦੇ ਕੱਪੜੇ ਪਾਉਦਿਆ ਸਨ। ਮੀਤੋ ਦੇ ਜਾਣ ਤੋਂ ਪਹਿਲਾਂ ਘਰ ਵਿੱਚ ਭਾਂਡੇ ਮਾਜਣ ਵਾਲੀ ਅਤੇ ਸਫਾਈਆਂ ਕਰਨ ਵਾਲੀ ਨੌਕਰਾਣੀ ਲੱਗੀ ਹੋਈ ਪਰ ਮੀਤੋ ਦੇ ਆਉਣ ਤੇ ਉਨ੍ਹਾਂ ਨੂੰ ਛੁੱਟੀ ਕਰ ਦਿੱਤੀ ਗਈ ਸੀ। ਬੜੀ ਬਹੂ ਨੇ ਕਹਿਣਾ ਮਾਤਾ ਜੀ ਸਾਰਾ ਦਿਨ ਵਿਹਲੇ ਹੀ ਰਹਿੰਦੇ ਨੇ ਜੇ ਚਾਰ ਭਾਡੇ ਮਾਂਜ ਲੈਣਗੇ ਤਾਂ ਕੀ ਹੋ ਜਾਵੇਗਾ। ਇਸ ਤਰ੍ਹਾਂ ਮੀਤੋ ਹੁਣ ਰਸੋਈ ਵਿੱਚ ਹੀ ਜ਼ਿਆਦਾ ਸਮਾਂ ਗੁਜ਼ਾਰਦੀ ਸੀ। ਬਹੂਆਂ ਦੀਆਂ ਕਿੱਟੀਆਂ ਪਾਰਟੀਆਂ ਹੀ ਨਹੀਂ ਮੁਕਦੀਆਂ ਸਨ।

ਮੀਤੋ ਦਾ ਹਾਲ ਤਾਂ ਕੋਈ ਨਹੀਂ ਪੁੱਛਦਾ ਸੀ ਬਸ ਮੀਤੋ ਦਾ ਕੰਮ ਹੀ ਸਭ ਨੂੰ ਪਿਆਰਾ ਸੀ। ਮੀਤੋ ਹੁਣ ਬੀਮਾਰ ਰਹਿਣ ਲੱਗ ਪਈ ਸੀ। ਉਸ ਨੇ ਕਈ ਵਾਰ ਆਪਣੇ ਮੁੰਡਿਆਂ ਕੋਲ ਸ਼ਿਕਾਇਤ ਵੀ ਕੀਤੀ। ਪਰ ਹੁਣ ਸਭ ਕੁੱਝ ਬਦਲ ਗਿਆ ਸੀ। ਮੁੰਡੇ ਬੀਬੀਆਂ ਦੇ ਗੁਲਾਮ ਬਣ ਚੁੱਕੇ ਸੀ।

ਮੀਤੋ ਤੋਂ ਹੁਣ ਕੰਮ ਨਹੀਂ ਹੁੰਦਾ ਸੀ ਕਈ ਵਾਰ ਉਸਦਾ ਸਿਰ ਦੁੱਖਣ ਲੱਗ ਜਾਂਦਾ ਸੀ ਤਾਂ ਉਹ ਸਿਰ ਤੇ ਚੁੰਨੀ ਬੰਨ੍ਹ ਕੇ ਲੰਮੀ ਪੈ ਜਾਂਦੀ ਸੀ। ਬਹੂਆਂ ਉਸ ਨੂੰ ਮਿਹਣੇ ਮਾਰਦੀਆਂ ਸੀ ਲੈ ਮਾਤਾ ਕੰਮ ਕਰਨ ਦੀ ਮਾਰੀ ਖਨਪੱਟੀ ਲੈ ਕੇ ਪੈ ਗਈ। ਮੀਤੋ ਨੂੰ ਕਿਸੇ ਪਾਸੇ ਵੀ ਚੈਨ ਨਹੀਂ ਸੀ। ਉਹ ਘਰ ਵਿੱਚ ਰੋਟੀ ਖਾਵੇ ਜਾਂ ਨਾ ਖਾਵੇ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਸੀ। ਉਹ ਹੁਣ ਬਹੁਤ ਦੁੱਖੀ ਹੋ ਗਈ ਸੀ। ਉਸਨੇ ਫਿਰ ਬਹਾਨਾ ਲਾਇਆ

ਕਿ ਉਸਦਾ ਪਿੰਡ ਜਾਣ ਨੂੰ ਦਿਲ ਕਰਦਾ ਹੈ ਤਾਂ ਮੁੰਡੇ ਉਸਨੂੰ ਬੱਸ ਚੜ੍ਹਾ ਗਏ ਸੀ। ਸਾਰੇ ਰਸਤੇ ਆਪਣੀ ਜਿੰਦੇ ਫੈਸਲਿਆਂ ਬਾਰੇ ਹੀ ਸੋਚਦੀ ਰਹੀ ਸੀ।

ਅੱਜ ਫਿਰ ਆਪਣੇ ਘਰ ਦਾ ਜਿੰਦਰਾ ਖੋਲ ਕੇ ਬਹਿ ਗਈ ਸੀ। ਜਾਲੇ ਝਾੜ ਰਹੀ ਸੀ। ਆਪਣੇ ਪਤੀ ਨਾਲ ਬਿਤਾਇਆ ਸਮਾਂ ਯਾਦ ਕਰ ਰਹੀ ਸੀ। ਬਹੁਤ ਜ਼ਿਆਦਾ ਉਦਾਸ ਸੀ। ਹੁਣ ਤਾਂ ਉਹ ਕਿਸੇ ਦੇ ਘਰ ਕੰਮ ਕਰਨ ਜੋਗੀ ਵੀ ਨਹੀਂ ਸੀ।

ਗੁਰਦੁਆਰੇ ਜਾਣ ਲੱਗ ਪਈ ਤੇ ਗੁਰਬਾਣੀ ਸੁਣਦੀ ਸੀ, ਲੰਗਰ ਦੀ ਸੇਵਾ ਕਰਦੀ ਸੀ। ਉੱਥੇ ਹੀ ਦੋ ਫੁਲਕੇ ਛੱਕ ਲੈਂਦੀ ਸੀ। ਕਈ ਵਾਰ ਬਾਬਾ ਜੀ ਦੇ ਪੈਰ ਪਕੜ ਕੇ ਭੁੱਬਾਂ ਮਾਰ ਮਾਰ ਰੋਂਦੀ ਸੀ ਤੇ ਵਾਹਿਗੁਰੂ ਮੈਨੂੰ ਹੁਣ ਚੁੱਕ ਲੈ, ਪਿੰਡ ਦੀਆਂ ਜਨਾਨੀਆਂ ਉਸਨੂੰ ਹੌਸਲਾ ਦਿੰਦੀਆਂ ਸੀ, ਫਿਰ ਉਹ ਕਹਿ ਦਿੰਦੀ ਸੀ, ਰੱਬ ਮੈਨੂੰ ਮੁੰਡੇ ਨਾ ਦਿੰਦਾ, ਇੱਕ ਧੀ ਦੇ ਦਿੰਦਾ।

* * * * *

• ਰੂਪਨਗਰ ਸ਼ਹਿਰ ਦੀ ਵਸਨੀਕ ਸੇਵਾਮੁਕਤ ਅਧਿਆਪਕਾ ਸ਼੍ਰੀਮਤੀ ਸੁਰਿੰਦਰ ਕੌਰ ਸੈਣੀ ਬਹੁਤ ਸੰਵੇਦਨਸ਼ੀਲ ਅਤੇ ਸਿਰੜੀ ਸਾਹਿਤਕਾਰ ਹੈ। ਉਸ ਨੇ ਆਪਣਾ ਪਲੇਠਾ ਕਹਾਣੀ-ਸੰਗ੍ਰਹਿ 'ਲਹੂ ਰੰਗੀ ਮਹਿੰਦੀ' ਸਾਹਿਤ ਜਗਤ ਨੂੰ ਅਰਪਣ ਕੀਤਾ ਹੈ। ਇਸ ਤੋਂ ਪਹਿਲਾਂ ਉਹ 'ਚੰਨਾਂ ਦੂਰ ਦਿਆ'; 'ਅੱਥਰੀ ਪੀੜ'; 'ਮਿੱਤਰ ਪਿਆਰੇ ਨੂੰ' ਅਤੇ 'ਮੇਰਾ ਰੱਬ' ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕੇ ਹਨ। ਅਦਾਰਾ ਸੈਣੀ ਸੰਸਾਰ ਵਲੋਂ ਇਸ ਪ੍ਰਤਿਭਾਵਾਨ ਲੇਖਿਕਾ ਨੂੰ ਹਾਰਦਿਕ ਵਧਾਈ ਹੋਵੇ। ਕਰਤਾ ਉਨ੍ਹਾਂ ਨੂੰ ਹੋਰ ਬੁਲੰਦੀਆਂ ਬਖਸ਼ੇ।

ਸਮੂਹ ਮਾਨਵਤਾ ਨੂੰ ਖਾਲਸੇ ਦੇ ਸਾਜਨਾ ਦਿਵਸ, ੧੪ ਅਪ੍ਰੈਲ ੨੦੧੮ ਦੀ ਬਹੁਤ ਬਹੁਤ ਵਧਾਈ।

ਪ੍ਰਗਟਿਓ ਖ਼ਾਲਸਾ ਪ੍ਰਮਾਤਮ ਦੀ ਮੌਜ




## ਗੀਤ

ਰਨਬੀਰ ਬਡਵਾਲ,
ਤਲਵਾੜਾ

ਦੂਰ ਕਿਉਂ ਹੁੰਦਾ ਜਾਵੇ ਮੈਥੋਂ
ਮੇਰਾ ਹੀ ਪਰਛਾਵਾਂ।
ਮੈਂ ਸੱਜਣਾ ਤੇਰਾ ਨਾਂ ਰੱਖਿਆ ਏ,
ਅਣਲਿਖੀਆਂ ਕਵਿਤਾਵਾਂ।

ਧੁਰ ਨਸੀਬੋਂ ਲਿਖੀਆਂ ਸਾਡੇ
ਲੇਖੀਂ ਹੌਕੇ ਹਾਂਵਾਂ
ਰੋਂਦੇ ਮੇਰੇ ਗੀਤ ਨਿਮਾਣੇ,
ਕਿੱਦਾਂ ਚੁੱਪ ਕਰਾਵਾਂ।
ਰੁੱਸ ਕੇ ਗਈਆਂ ਰੁੱਤਾਂ ਨੂੰ ਮੈਂ,
ਵਾਜਾਂ ਮਾਰ ਬੁਲਾਵਾਂ।
ਮੈਂ ਸੱਜਣਾ ਤੇਰਾ ਨਾਂ.......

ਜਦ ਵੀ ਹੰਝੂ ਯਾਦ ਤੇਰੀ ਵਿੱਚ,
ਪਲਕਾਂ ਮੋਹਰੇ ਆਏ।
ਮਨ ਦਾ ਪੰਛੀ ਮਾਰ ਉਡਾਰੀ,
ਦੂਰ ਕਿਤੇ ਉਡ ਜਾਵੇ।
ਰਾਤਾਂ ਨੂੰ ਵੀ ਉੱਠ ਉੱਠ ਤੇਰੀਆਂ,
ਮੰਗੀਏ ਖੈਰ ਦੁਆਵਾਂ।
ਮੈਂ ਸੱਜਣਾ ਤੇਰਾ ਨਾਂ....

ਪਿੰਡ ਤੇਰੇ ਦੀਆਂ ਜੂਹਾਂ ਦੇ ਵੱਲ,
ਜਦ ਵੀ ਕਿੱਧਰੇ ਜਾਵਾਂ।
ਹਰ ਪਾਸੇ ਮੈਨੂੰ ਨਜ਼ਰੀਂ ਆਵੇ,
ਤੇਰਾ ਹੀ ਪਰਛਾਵਾਂ।
ਜਾਣ ਵਾਲੇ ਕਿਉਂ ਭੁੱਲ ਜਾਂਦੇ ਨੇ,
ਪਿੰਡ ਆਪਣੇ ਦੀਆਂ ਰਾਹਵਾਂ।
ਮੈਂ ਸੱਜਣਾ ਤੇਰਾ ਨਾਂ......

ਮੈਂ ਟੁਰ ਜਾਣਾ, ਗੀਤ ਮੇਰੇ ਨੇ
ਕੋਲ ਤੇਰੇ ਹੀ ਰਹਿਣੇ।
ਹਿਜ਼ਰਾਂ ਮਾਰੀ ਧੁਖਦੀ ਜਿੰਦ ਨੇ,
ਹੋਰ ਨਈਂ ਦੁੱਖੜੇ ਸਹਿਣੇ।
ਮੜ੍ਹੀਆਂ ਵਿੱਚ ਛੱਡ ਜਾਂਦੇ ਸਾਰੇ,
ਘੁੱਟ ਘੁੱਟ ਫੜੀਆਂ ਬਾਹਵਾਂ।
ਮੈਂ ਸੱਜਣਾ ਤੇਰਾ ਨਾਂ ਰੱਖਿਆ ਏ,
ਅਣਲਿਖੀਆਂ ਕਵਿਤਾਵਾਂ।

* * * * *

# NECESSITY OF HEALTH, HYGIENE AND SANITATION FOR OUTER GENITALIA IN HUMAN ADOLESCENTS

Dr. Ranbir Singh Balgir
Kharar City,
S.A.S. Nagar



According to the World Health Organization, the adolescents between 10 and 19 years of age constitute 18% of the world population, i.e. about 1.2 billions. About 88% of them live in developing world. Our country has the largest number of adolescents (243 million), comprising one-fourth of India's population. Hence, when India boasts of having world's largest democracy, the adolescents deserve to be looked after adequately.

**CLEANLINESS :** As we all know that, when the children, teen-agers or adults play any game, or walk in the sun, do exercises or toil hard, they all get wet by the water-drops across the body. All of us have small pores on the outer skin through which the waste watery fluid (sweat) comes out from outer or external skin of the body. If you take a taste of it, it tastes just like our daily used cooking salt. If we do not take a bath after the sweat dries up, we get itching all over the body which prompts us to scratch the skin, leading to red rashes on the skin, and also sometimes bleeding occurs. Thus, cleaning of our body after the day's hard work or after the sweating becomes a necessity rather than a need. That's why the wise-persons have rightly said that the cleanliness is next to godliness!

Similarly, the external (outer) genital organs in both boys and girls contain oil-secreting (sebaceous) glands that release lubricating substances which require cleansing daily or regularly. If the genitalia are not cleaned regularly, these may, sometimes, start giving stinking smell and are open hand to proliferation of the infectious diseases, leading to further complications or causing cancer. Sometimes, this may infect the internal reproductive organs too, thus, causing infertility. The childhood ignorance or negligence, sometimes, leads subsequently to very severe consequences in the later life. Every person aspires to lead a healthy and lengthy life, but it all depends on us, how much care we give to our body in our routine life. Human body, in fact, works just like a machine. If we care for the smooth functioning of this machine, it will certainly look after us carefully.

**MENSTRUAL HEALTH AND HYGIENE**

There is an urgent need for a campaign about creating awareness on menstrual hygiene among the adolescents including the schoolgirls, and in particular amongst the women. Every adolescent girl must see the film "Pad Man" starring, Akshay Kumar and Sonam Kapoor, because this movie is educative and health oriented and provides convincingly hygienic and sanitary living for adolescent girls and women as well. It is well known that talking about menstrual health and hygiene is a taboo in many communities especially in economically weaker and, mentally and socially backward communities even in the developing states like Haryana, Punjab. A campaign on menstrual hygiene and use of eco-friendly, biodegradable, and cost-effective, and disposable sanitary napkins is highly essential in adolescent girls.

It is appreciated that there is a campaign recently launched in Haryana state on menstrual hygiene, something which people do not want to talk about. It is necessary to teach little girls and women about menstrual hygiene. Sanitary napkins are not a luxury but a necessity. Rags, unclean contaminated cotton or unwashed old clothes are harmful to use because that cause red rashes or inflammations and infections and other skin diseases. Proper education to concerned individuals would certainly help eradicate the taboo of menstruation. Menstruation is not about shame, but a beautiful change in the life of a girl. Sanitary napkins should be distributed in villages. Educational campaigns should be launched in every village as well as in every district with the help of auxiliary nurses by the voluntary organizations or community welfare

registered trusts for amelioration of the sufferings of adolescents.

**RISKS, ATTITUDE, AND HEALTH :** About 70% of the girls have never heard of menstruation before getting their first period (menarche). Similar status is of adolescent boys too who for the first time had night emission. Sixty three million adolescent girls in India lack access to private toilets. Poor sanitation and hygiene among adolescent girls in India, is a problem of access and attitude. Among girls, it critically threatens their:

- **Identity:** A lack of sanitation and hygiene facilities makes adolescent girls more vulnerable to the risks of sexual harassment and rape, undermining their confidence and the evolution of their changing identity.
- **Health:** The fear of sexual assault, the need for privacy, and the generally unusable state of facilities results in, among other things, girls controlling their bladder for as long as 13 hours a day. This leads to long lasting repercussions on their reproductive, sexual and overall health.
- **Potential:** Girls tend to miss school for an average of six days a month due to the inability to manage their periods at school. This eventually contributes to almost 23% of girls dropping out of school on reaching puberty, and critically undermines their potential as individuals and future workers.
- **Invest in school-based access and adoption of improved sanitation and hygiene:** In the absence of adequate facilities and information at home, schools offer a critical platform to bridge this gap. Once girls see a better (facilities) alternative to what they have known as the 'norm', the impact is deep, long-lasting, and crosses the school premises to also trigger change in the community.
- **Promote sensitivity, not secrecy, towards adolescent girls' sanitation and hygiene needs:** To build a supportive environment for the sanitation and hygiene needs of adolescent girls, it is critical to move away from secrecy, and towards responsibly informing fathers, male peers, mothers and community members on the subject.

The focus areas may be implemented on the ground through the following interventions undertaken by social organizations/welfare trusts:

- Providing hygiene education to adolescent girls:
- Providing technical training to key professionals:
- Building an enabling environment at home, school and community level:
- Facilitating construction of toilets in households:
- Facilitating construction of community toilets:
- Facilitating construction of girls' toilets in schools:
- Building ownership through school- and community-based groups:
- Enabling access to menstrual hygiene management products:
- Enabling access to funds for construction and repair of sanitation facilities:
- Disseminating information about the program's effect on adolescent girls:
- Advocating with the government on policy and plans:

To conclude, we must realize that the adolescents are, after all, our son/daughter, husband/wife, brother/sister, cousins, son-in-law/daughter-in-law, brother-in-law/sister-in-law, etc. therefore, we must support for their cause of health in order to avoid any ill happening in life. ( * The Writer is a reputed Anthropogy Scientist who has retired from Indian Council Of Medical Research. He belongs to Saini Bradri and his biography has been given at page….of this magazine)

❉ ❉ ❉ ❉ ❉

**Serve Community and Bradri by**

- **Becoming Life Member of Saini Bhavan**
- **Donating for Scholarships**
- **Subscribing for "Saini Sansar"**

ਜੀਵਨ ਜਾਚ

# ਹੱਸਣ ਦੀ ਆਦਤ ਪਾ ਸੱਜਣਾ

ਹਾਸੇ ਦੀ ਸੌਗਾਤ ਕੇਵਲ ਮਨੁੱਖ ਨੂੰ ਹੀ ਪ੍ਰਾਪਤ ਹੋਈ ਹੈ। ਹਾਸਾ ਅਜਿਹਾ ਗਹਿਣਾ ਹੈ ਜੋ ਸਾਡੀ ਨੀਰਸ ਜ਼ਿੰਦਗੀ ਵਿੱਚ ਮਿਠਾਸ ਘੋਲਦਾ ਹੈ। ਅਨੇਕਾਂ ਪਦਾਰਥਕ ਸਹੂਲਤਾਂ ਹੋਣ ਦੇ ਬਾਵਜੂਦ ਆਧੁਨਿਕ ਮਨੁੱਖ ਦੇ ਚਿਹਰੇ ਹਾਸੇ ਦੀ ਅਣਹੋਂਦ ਕਾਰਨ ਉਦਾਸੀ ਦੇ ਆਲਮਾਂ ਵਿੱਚ ਘਿਰੇ ਦੇਖੇ ਜਾ ਸਕਦੇ ਹਨ। ਇਸ ਦੇ ਵਿਪਰੀਤ ਅਨੇਕਾਂ ਦੁੱਖਾਂ ਦਾ ਸਾਹਮਣਾ ਕਰ ਰਹੇ ਕਈ ਇਨਸਾਨ ਚਿਹਰੇ ਤੋਂ ਹਾਸੇ ਦੇ ਵਪਾਰੀ ਦਿਖਾਈ ਦਿੰਦੇ ਹਨ। ਅਜਿਹੇ ਬੁਲੰਦ ਤੇ ਬੇਫ਼ਿਕਰੇ ਮਨੁੱਖ ਹੀ ਦੁੱਖਾਂ ਦੇ ਪਹਾੜਾਂ ਨੂੰ ਟਿੱਚ ਜਾਣਦੇ ਹੋਏ ਜ਼ਿੰਦਗੀ ਆਨੰਦ ਮਾਣਦੇ ਹਨ ਤੇ ਹਰ ਮੁਸ਼ਕਿਲ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹੋਏ ਚਿਹਰੇ ਉੱਤੇ ਹਾਸਾ ਤੇ ਮੁਸਕਰਾਹਟ ਬਰਕਰਾਰ ਰੱਖਦੇ ਹਨ। ਹਾਸੇ ਨੂੰ ਜੀਵਨ ਦਾ ਅਟੁੱਟ ਅੰਗ ਬਣਾਉਣ ਲਈ ਇਸ ਦੀ ਲੋੜ ਤੇ ਅਹਿਮੀਅਤ ਸਮਝਣੀ ਜ਼ਰੂਰੀ ਹੈ।

ਹਾਸਾ ਰੂਹ ਦੀ ਖੁਰਾਕ ਹੈ। ਹਾਸਾ ਉਸ ਸੰਜੀਵਨੀ ਬੂਟੀ ਦੇ ਸਮਾਨ ਹੈ ਜਿਸ ਨਾਲ ਮਨ ਤੇ ਤਨ ਨੂੰ ਤਸੰਰੁਸਤੀ ਮਿਲਦੀ ਹੈ। ਚਿੰਤਾ ਤੇ ਤਣਾਅ ਤੋਂ ਮੁਕਤੀ ਲਈ ਗੰਭੀਰ ਗੱਲਾਂ ਦੇ ਲਤੀਫ਼ੇ ਬਣਾ ਕੇ ਹਸੀਨ ਜ਼ਿੰਦਗੀ ਦਾ ਲੁਤਫ਼ ਲਿਆ ਜਾ ਸਕਦਾ ਹੈ। ਖੁੱਲ੍ਹ ਕੇ ਹੱਸਣ ਨਾਲ ਕਿਸ਼ਤੀ ਦਾ ਚੱਪੂ ਚਲਾਉਣ ਦੇ ਬਰਾਬਰ ਕਸਰਤ ਹੋ ਜਾਂਦੀ ਹੈ। ਹਾਸੇ ਉਪਰੰਤ ਸਰੀਰ ਫੁੱਲਾਂ ਵਾਂਗ ਹੌਲਾ ਮਹਿਸੂਸ ਕਰਦਾ ਹੈ। ਉਹ ਘਰ ਸਵਰਗ ਦੇ ਤੁਲ ਹੁੰਦੇ ਹਨ ਜਿੱਥੇ ਹਾਸੇ ਗੂੰਜਦੇ ਹਨ। ਪਰਿਵਾਰਕ ਮੈਂਬਰਾਂ ਵਿੱਚ ਹੱਸਣ-ਖੇਡਣ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ ਤਾਂ ਜੋ ਘਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ। ਹੱਸਣ-ਖੇਡਣ ਦੀ ਕੁਦਰਤੀ ਫ਼ਿਤਰਤ ਦੀ ਹਮਾਇਤ ਤਾਂ ਗੁਰਬਾਣੀ ਵਿੱਚ ਵੀ ਮਿਲਦੀ ਹੈ: 'ਹੱਸਣ ਖੇਡਣ ਮਨ ਕਾ ਚਾਉ'।

ਹਸਮੁਖ ਚਿਹਰੇ 'ਤੇ ਸਦਾ ਰੌਣਕ ਰਹਿੰਦੀ ਹੈ ਤੇ ਅਜਿਹਾ ਚਿਹਰਾ ਝੁਰੜੀਆਂ ਤੋਂ ਵੀ ਬਚਿਆ ਰਹਿੰਦਾ ਹੈ। ਹਸਮੁਖੀ ਸੁਭਾਅ ਨਾਲ ਸਾੜਾ, ਈਰਖਾ ਤੇ ਕ੍ਰੋਧ ਵਰਗੇ ਔਗੁਣਾਂ 'ਤੇ ਵੀ ਕਾਬੂ ਪਾਇਆ ਜਾ ਸਕਦਾ ਹੈ। ਹਸਮੁਖ ਇਨਸਾਨ ਦੂਜਿਆਂ ਦੇ ਕੌੜੇ ਬੋਲਾਂ ਨੂੰ ਦਿਲ 'ਤੇ ਨਹੀਂ ਲਾਉਦੇ। ਉਹ ਅਜਿਹੇ ਚੁਭਵੇਂ ਮਿਹਣਿਆਂ ਨੂੰ ਸਹਿਜੇ ਹੀ ਅਣਗੌਲਿਆਂ ਕਰ ਦਿੰਦੇ ਹਨ। ਹੱਸਦਾ ਚਿਹਰਾ ਗੁਲਾਬ ਦੇ ਖਿੜੇ ਫੁੱਲ ਵਾਂਗ ਲੱਗਦਾ ਹੈ ਜਦਕਿ ਰੋਂਦੂ ਤੇ ਸੜੀਅਲ ਚਿਹਰੇ ਤੋਂ ਮੁਰਝਾਏ ਫੁੱਲ ਵਾਂਗ ਖੁਸ਼ਬੂ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ।

ਮਾਸਪੇਸ਼ੀਆ ਦੀ ਕਸਰਤ ਅਤੇ ਰਕਤਚਾਪ ਵਿੱਚ ਸੰਤੁਲਨ ਬਣਾਉਣ ਦਾ ਕੰਮ ਵੀ ਹਾਸਾ ਹੀ ਕਰਦਾ ਹੈ । ਹਾਸਾ ਰੋਗ ਨਿਰੋਧਕ ਸ਼ਕਤੀ ਨੂੰ ਉਭਾਰਦਾ ਹੈ ਤੇ ਆਨੰਦਮਈ ਨੀਂਦ ਲਿਆਉਣ ਵਿੱਚ ਸਹਾਈ ਹੁੰਦਾ ਹੈ। ਹੱਸਣ ਨਾਲ ਸਰੀਰ ਵਿੱਚ ਸਾਕਾਰਾਤਮਕ ਹਾਰਮੋਨ ਪੈਦਾ ਹੁੰਦੇ ਹਨ ਜਿਸ ਨਾਲ ਸਰੀਰ ਦੀ ਹਾਲਤ ਕਾਟੋ ਦੇ ਫੁੱਲਾਂ 'ਤੇ ਖੇਡਣ ਸਮਾਨ ਹੁੰਦੀ ਹੈ। ਚਿਹਰੇ ਦੀ ਮੁਸਕਾਨ ਰੰਗ ਤੇ ਰੂਪ ਨੂੰ ਚਾਰ ਚੰਨ ਲਗਾਉਂਦੀ ਹੈ। ਇੱਕ ਖ਼ੂਬਸੂਰਤ ਚਿਹਰਾ ਤੇ ਦੂਸਰਾ ਇਸ ਉੱਪਰ ਹਰ ਸਮੇਂ ਮੁਸਕਰਾਹਟ ਰਹਿੰਦੀ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੋਈ ਹਰ ਇੱਕ ਨੂੰ ਆਕਰਸ਼ਿਤ ਕਰਦੀ ਹੈ। ਸਾਡੇ ਸਮਾਜ ਵਿੱਚ ਕੁਝ ਸੌੜੀ ਸੋਚ ਵਾਲੇ ਲੋਕ ਹਾਸੇ ਨੂੰ ਨੀਵੇਂ ਚਰਿੱਤਰ ਦਾ ਪ੍ਰਤੀਕ ਮੰਨਦੇ ਹਨ, ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਵੀ ਮਿਲਦਾ ਹੈ-

ਚਿੱਟੇ ਦੰਦ ਹੱਸਣੋਂ ਨਾ ਰਹਿੰਦੇ
ਲੋਕੀ ਭੈੜੇ ਸ਼ੱਕ ਕਰਦੇ

ਵਿਗਿਆਨ ਦੀ ਖੋਜ ਅਨੁਸਾਰ ਹੱਸਣ ਨਾਲ ਯਾਦਸ਼ਕਤੀ ਵਿੱਚ ਵਾਧਾ ਹੁੰਦਾ ਹੈ । ਇਸ ਨਾਲ ਸਰੀਰ ਵਿੱਚ ਆਕਸੀਜਨ ਦੀ ਮਾਤਰਾ ਵਧਦੀ ਹੈ । ਅਤੇ ਸਰੀਰ ਤਰੋਤਾਜਾ ਮਹਿਸੂਸ ਕਰਦਾ ਹੈ। ਖੁੱਲ੍ਹਾ ਡੁੱਲ੍ਹਾ ਹਾਸਾ ਵਾਧੂ ਊਰਜਾ ਦੀ ਖਪਤ ਕਰਕੇ ਸਰੀਰ ਦੇ ਵਜ਼ਨ ਨੂੰ ਕਾਬੂ ਕਰਨ ਵਿੱਚ ਸਹਾਈ ਹੁੰਦਾ । ਹਾਸਾ ਕੋਈ ਬਜ਼ਾਰੂ ਵਸਤੂ ਨਹੀ ਹੈ । ਹੱਸਣ 'ਤੇ ਕੋਈ ਖਰਚਾ ਨਹੀ ਹੁੰਦਾ ਬਲਕਿ ਇਸ ਦੇ ਲਾਭ ਮਨੁੱਖੀ ਸਿਹਤ ਲਈ ਜੜੀ ਬੂਟੀਆ ਵਾਂਗ ਗੁਣਕਾਰੀ ਸਾਬਤ ਹੁੰਦੇ ਹਨ ।

ਹਸਦੇ ਇਨਸਾਨ ਦੇ ਚਿਹਰੇ ਦਾ ਜਲੌਅ ਉਸ ਦੇ ਸਮਾਜਿਕ ਦਾਇਰੇ ਨੂੰ ਵੀ ਗੁਲਕੰਦੀ ਮਿਠਾਸ ਵਰਤਾਉਦਾ ਹੈ। ਹੱਸਣ ਦੇ ਇੰਨੇ ਲਾਭ ਹੋਣ ਦੇ ਬਾਵਜੂਦ ਸਾਡੇ ਚਿਹਰਿਆ ਤੋਂ ਹਾਸਾ ਅਲੋਪ ਹੁੰਦਾ ਜਾ ਰਿਹਾ ਹੈ। ਅਣਭੋਲ ਬੱਚੇ ਅਤੇ ਚੜ੍ਹਦੀ ਜਵਾਨੀ ਦੇ ਚਿਹਰਿਆਂ 'ਤੇ ਹਾਸਿਆਂ ਦੀਆਂ ਛਹਿਬਰਾਂ ਦੇਖੀਆਂ ਜਾ ਸਕਦੀਆਂ ਹਨ , ਪਰ ਉਮਰ ਦੇ ਪਕੇਰਾ ਹੋਣ ਨਾਲ ਜਿੰਮੇਵਾਰੀਆਂ ,ਸਮੱਸਿਆਵਾਂ ਅਤੇ ਰੁਝਾਵੇਂ ਵੱਧ ਜਾਂਦੇ ਹਨ ਜਿਸ ਕਾਰਨ ਮਨੁੱਖੀ ਜਿੰਦਗੀ ਕੋਹਲੂ ਦੇ ਬੈਲ ਵਾਂਗ ਇਹਨਾਂ ਬੋਝਾਂ ਥੱਲੇ ਦੱਬ ਜਾਂਦੀ ਹੈ।



ਜ਼ਿੰਦਗੀ ਬਹੁਤ ਸੌਖੀ ਹੈ, ਪਰ ਅਸੀਂ ਇਸਨੂੰ ਗੁੰਝਲਦਾਰ ਬਣਾਉਣ ਵਿੱਚ ਲੱਗੇ ਹੋਏ ਹਾਂ। ਜੇਕਰ ਆਪਣੇ ਪਰਿਵਾਰਕ ਤੇ ਸਮਾਜਿਕ ਦਾਇਰੇ ਨਾਲ ਹੱਸ ਖੇਡ ਕੇ ਸਮਾਂ ਬਿਤਾਇਆ ਜਾਵੇ ਤਾਂ ਜ਼ਿੰਦਗੀ ਸੁਹਾਵਣੀ ਤੇ ਸੌਖੀ ਬੀਤ ਜਾਂਦੀ ਹੈ। ਹਰ ਸਮੇਂ ਮੱਥੇ ਵੱਟ ਪਾ ਕੇ ਰੱਖਣ ਵਾਲੇ ਦੂਜਿਆਂ ਨਾਲ ਅਸਹਿਮਤੀ ਜਤਾਉਣ ਵਿੱਚ ਹੀ ਊਰਜਾ ਖ਼ਪਤ ਕਰਦੇ ਰਹਿੰਦੇ ਹਨ ਜਿਸ ਨਾਲ ਮਾਹੌਲ ਅਸੁਖਾਵਾਂ ਪ੍ਰਤੀਤ ਹੁੰਦਾ ਹੈ ਅਤੇ ਸਮਾਂ ਬੋਝਲ ਤੇ ਅਕਾਊ ਲੱਗਣ ਲੱਗਦਾ ਹੈ।

ਹਾਸੇ ਠੱਠੇ ਦਾ ਸਬੰਧ ਮਜ਼ਾਕ ਨਾਲ ਹੈ ਤੇ ਮਜ਼ਾਕ ਸਿਰਫ਼ ਆਪਣਿਆਂ ਨਾਲ ਹੀ ਕੀਤਾ ਜਾਂਦਾ ਹੈ। ਮਜ਼ਾਕ ਇੰਨਾ ਜ਼ਿਆਦਾ ਚੁਭਵਾਂ ਵੀ ਨਾ ਹੋਵੇ ਕਿ ਮਜ਼ਾਕ ਦਾ ਪਾਤਰ ਬਣਿਆ

ਇਨਸਾਨ ਹਤੱਕ ਮਹਿਸੂਸ ਕਰੇ। ਕਈ ਵਾਰ ਅਜਿਹਾ ਮਨੁੱਖ ਮਜ਼ਾਕ ਨੂੰ ਗੰਭੀਰਤਾ ਨਾਲ ਲੈ ਜਾਂਦਾ ਹੈ ਤੇ ਹਾਸੇ ਦਾ ਤਮਾਸ਼ਾ ਬਣਨ ਦਾ ਤੌਖ਼ਲਾ ਖੜ੍ਹਾ ਹੋ ਜਾਂਦਾ ਹੈ। ਇਸ ਲਈ ਹਾਸੇ ਮਜ਼ਾਕ ਦੀ ਵੀ ਹੱਦ ਹੋਣੀ ਚਾਹੀਦੀ ਹੈ ਤੇ ਤੁਹਾਡੇ ਹੱਸਣ ਦੇ ਨਾਲ ਨਾਲ ਦੂਜਿਆਂ ਦਾ ਵੀ ਹੱਸਣਾ ਜ਼ਰੂਰੀ ਹੈ।

ਸਹੁਰੇ ਘਰ ਸਾਲੀਆਂ ਆਪਣੇ ਜੀਜੇ ਨੂੰ ਮਖ਼ੌਲ ਕਰਕੇ ਹਾਸੇ ਦਾ ਮਾਹੌਲ ਸਿਰਜਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਦਿਉਰ-ਭਰਜਾਈ ਦੇ ਰਿਸ਼ਤੇ ਨੂੰ ਆਪਸ ਵਿੱਚ ਹਾਸਾ-ਮਜ਼ਾਕ ਕਰਨ ਦੀ ਖੁੱਲ੍ਹ ਲੋਕ ਗੀਤਾਂ ਵਿੱਚੋਂ ਦ੍ਰਿਸ਼ਟੀਮਾਨ ਹੁੰਦੀ ਹੈ:

ਮੇਰਾ ਦਿਉਰ ਬੜਾ ਟੁੱਟ ਪੈਣਾ ਹੱਸਦੀ ਦੇ ਦੰਦ ਗਿਣਦਾ

ਵਰਤਮਾਨ ਸਮੇਂ ਹਾਸੇ-ਮਜ਼ਾਕ ਦੇ ਮੌਕੇ ਇੰਨੇ ਮਨਫ਼ੀ ਹੋ ਚੁੱਕੇ ਹਨ ਕਿ ਲੋਕ ਇਸਦੀ ਪੂਰਤੀ ਲਈ 'ਲਾਫਟਰ ਕਲੱਬ' ਜਾਂ ਯੋਗ ਕੈਂਪਾਂ ਵਿੱਚ ਜਾ ਕੇ ਬਣਾਉਟੀ ਹਾਸਾ ਹੱਸਦੇ ਹਨ, ਪਰ ਇਹ ਬਣਾਉਟੀ ਹਾਸਾ ਸਰੀਰ ਲਈ ਕੁਦਰਤੀ ਹਾਸੇ ਜਿੰਨਾ ਲਾਭਕਾਰੀ ਨਹੀਂ ਹੁੰਦਾ। ਦੋ-ਤਿੰਨ ਦਹਾਕੇ ਪਹਿਲਾਂ ਮੁੰਡੇ ਦੀ ਛਟੀ ਜਾਂ ਵਿਆਹ ਮੌਕੇ ਭੰਡ ਹਾਸਿਆਂ ਦੇ ਅੰਬਾਰ ਲਾ ਕੇ ਰੌਣਕਾਂ ਵਧਾਉਂਦੇ ਸਨ। ਭੰਡਾਂ ਦੇ ਲਤੀਫੇ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੰਦੇ ਸਨ। ਭੰਡਾਂ ਤੋਂ ਬਾਅਦ ਕੁਝ ਸਮਾਂ ਕਾਮੇਡੀਅਨਾਂ ਨੇ ਆਪਣੀਆਂ ਕੈਸੇਟਾਂ ਰਾਹੀ ਲੋਕਾਂ ਨੂੰ ਹਸਾਉਣ ਦੀ ਜਿੰਮੇਵਾਰੀ ਸੰਭਾਲੀ।ਅਜੋਕੇ ਦੌਰ ਵਿੱਚ ਫਿਲਮਾਂ, ਸੀਰੀਅਲ ਅਤੇ ਟੀਵੀ ਚੈਨਲਾਂ ਦੇ ਕਾਮੇਡੀ ਮੁਕਾਬਲੇ ਹਾਸੇ ਦੀ ਉਪਜ ਦੇ ਸਾਧਨ ਹਨ । ਹਾਸੇ ਦੇ ਇਹ ਸਾਧਨ ਲੋਕ ਮਨੋਰੰਜਨ ਤਾਂ ਕਰਦੇ ਹਨ , ਪਰ ਕੁਦਰਤੀ ਹਾਸੇ ਦਾ ਦਰਜਾ ਨਹੀ ਲੈ ਸਕਦੇ। ਕਈ ਵਾਰ ਵੱਡੀਆਂ ਪ੍ਰਾਪਤੀਆਂ ਤੇ ਖੁਸ਼ੀਆਂ ਨਾਲ ਵੀ ਹਾਸਾ ਪ੍ਰਾਪਤ ਨਹੀ ਹੁੰਦਾ ਤੇ ਕਈ ਵਾਰ ਛੋਟੀ ਜਿਹੀ ਸਫ਼ਲਤਾ ਵੀ ਭਰਪੂਰ ਖੁਸ਼ੀ ਦਿੰਦੀ ਹੈ। ਇਸਦੀ ਪ੍ਰਾਪਤੀ ਲਈ ਵਕਤ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਸਥਿਤੀਆਂ ਤੇ ਸਮੱਰਥਾ ਅਨੁਸਾਰ ਯਤਨ ਕਰਦੇ ਰਹਿਣਾ ਚਾਹੀਦਾ ਹੈ ।ਹਾਸਾ ਉਪਜਾਉਣ ਲਈ ਬੀਤੇ ਵਕਤ ਦੇ ਮਜ਼ਾਕੀਆ ਪਲਾਂ ਨੂੰ ਆਪਣੇ ਕਰੀਬੀਆਂ ਸੰਗ ਸਾਂਝਾ ਕਰ ਲੈਣਾ ਚਾਹੀਦਾ ਹੈ । ਦੋਸਤਾਂ ਤੇ ਪਰਿਵਾਰਕ ਮੈਂਬਰਾਂ ਦੀਆ ਬੁਰੀਆਂ ਆਦਤਾਂ ਦੇ ਹਲਕੇ ਫੁਲਕੇ ਮਖੌਲ ਬਣਾ ਕੇ ਸਮੇ ਨੂੰ ਮਾਣਿਆ ਜਾ ਸਕਦਾ ਹੈ । ਸੋ ਆਓ ਕੇਵਲ ਫੋਟੋ ਖਿਚਾਉਣ ਵੇਲੇ ਹੀ ਮੁਸਕਰਾਉਣ ਦੀ ਬਜਾਏ ਹਾਸੇ ਨੂੰ ਚਿਹਰੇ ਦਾ ਉਮਰ ਭਰ ਦਾ ਗਹਿਣਾ ਬਣਾਈਏ ।

" ਸਭ ਤੋਂ ਵੱਡਾ ਪਾਪ ਇਸ ਧਰਤੀ 'ਤੇ ਉਸ ਨੇ ਕੀਤਾ ਹੈ ਜਿਸ ਨੇ ਤੁਹਾਡੇ ਹਾਸਿਆਂ ਵਿੱਚ ਵਿਘਨ ਪਾਇਆ ਹੈ। ਜੋ ਹੱਸ ਨਹੀਂ ਸਕਦੇ ਉਹ ਉਹੀ ਬਿਮਾਰ ਲੋਕ ਹਨ ਜਿਹੜੇ ਪ੍ਰੇਮ ਕਰਨ ਤੋਂ ਅਸਮਰਥ ਹਨ। ਖੁਸ਼ੀ ਦਾ ਰਾਜ਼ ਬੜਾ ਸਿੱਧਾ ਤੇ ਸਪਸ਼ਟ ਹੈ- ਤੁਸੀਂ ਜੋ ਅਸਲ 'ਚ ਹੋ ਉਹੀ ਹੋ ਜਾਓ।"

- ਫਰੈਡਰਿਕ ਨੀਤਸ਼ੇ ਦਾਰਸ਼ਨਿਕ



## ਗਜ਼ਲ

ਜਸਵੰਤ ਸਿੰਘ ਜਗੈਤ
ਕੈਲਗਰੀ (ਕੈਨੇਡਾ)

ਅੱਜ ਤਾਂ ਚੱਲੇਗੀ ਕੇਵਲ ਸੱਚਇਆਰਾਂ ਦੀ ਗੱਲ।
ਛੇੜੀਂ ਨਾ ਦੋਸਤ ! ਝੂਠੇ ਮਕਾਰਾਂ ਦੀ ਗੱਲ।

ਖੱਟਿਆ ਕੀ ਕਿਸੇ ਕਰਕੇ ਬਦੀ ਨਾ ਦੱਸ ਸਾਨੂੰ,
ਰਹਿ ਨਾ ਜਾਏ ਚੰਗੇ ਕਿਰਦਾਰਾਂ ਦੀ ਗੱਲ।

ਠੱਗੀ ਚੋਰੀ ਲੁੱਟ ਖਸੁੱਟ ਦੀ ਗੱਲ ਛਡ ਦੇ,
ਦੱਸ ਦਸਾਂ ਨਹੁੰਆਂ ਦੇ ਕਿਰਤੀ ਕੰਮਾਂ ਕਾਰਾਂ ਦੀ ਗੱਲ।

ਮੱਕਾਰੀ ਬੰਨ੍ਹ ਪੱਲੇ ਬਹੁ ਨੇਤਾ ਫਿਰਦੇ,
ਕਰ ਪੂਰਨ ਤਿਆਗੀ ਤੇ ਇਮਾਨਦਾਰੀ ਦੀ ਗੱਲ।

ਅੱਜ ਦੇ ਸਾਧਾਂ ਦੇ ਲਾਣੇ ਨੂੰ ਵੀ ਛੱਡ ਦੇ,
ਕਰ ਸੰਤ ਸੰਤੋਖੀ ਪਰਉਪਕਾਰਾਂ ਦੀ ਗੱਲ।

ਹਉਮੈਂ ਲਾਲਚ ਦੇ ਰੰਗ ਵਿੱਚ ਰੰਗਗੇ ਲੋਕੀਂ,
ਛੇੜ ਸਿੱਖ-ਸਿੱਖਿਆ ਤੇ ਗੁਰ ਵਿਚਾਰਾਂ ਦੀ ਗੱਲ।

* * * * *

## ਵਧਾਈ



ਪਟਿਆਲਾ ਵਾਸੀ **ਡਾ. ਕੁਲਵੰਤ ਕੌਰ** ਨੂੰ ਕੁਵੈਤ ਦੀ ਇੱਕ ਸੰਸਥਾ ਨੇ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਸਬੰਧੀ ਖੋਜ ਕਰਨ ਅਤੇ ਪੁਸਤਕਾਂ ਲਿਖਣ ਲਈ ਸਨਮਾਨਿਤ ਕੀਤਾ ਗਿਆ ਹੈ। ਆਪ ਨੂੰ ਇੱਕ ਲੱਖ ਰੁਪਏ ਨਗਦ ਅਤੇ ਸਨਮਾਨ ਚਿੰਨ ਭੇਂਟ ਕੀਤਾ ਗਿਆ ਹੈ। ਡਾਕਟਰ ਕੁਲਵੰਤ ਕੌਰ ਪ੍ਰਸਿੱਧ ਕੀਟ ਵਿਗਿਆਨੀ ਡਾ. ਮਲਕੀਅਤ ਸਿੰਘ ਸੈਣੀ ਜੀ ਦੇ ਧਰਮ ਪਤਨੀ ਹਨ ਅਤੇ ਨਾਟਕਕਾਰ ਡਾ. ਹਰਚਰਨ ਸਿੰਘ ਜੀ ਦੀ ਭਤੀਜੀ ਹਨ। ਆਪ ਦਾ ਪਿਛੋਕੜ ਦੁਆਬੇ ਦੇ ਮਸ਼ਹੂਰ ਪਿੰਡ ਉੜਾਪੜ ਦਾ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਆਪ ਜੀ ਨੂੰ ਬਹੁਤ ਬਹੁਤ ਵਧਾਈ ਹੋਵੇ।

## ਔਝੜੇ ਪਈ ਜਵਾਨੀ

ਜਸਵੰਤ ਕੌਰ(ਡਾ.)
ਰੂਪਨਗਰ



ਅੱਜ ਦੇ ਸਮੇਂ ਵਿੱਚ ਹਾਲਾਤ ਅਜਿਹੇ ਬਣ ਗਏ ਹਨ ਕਿ ਨੌਜਵਾਨ ਭਵਿੱਖਮੁਖੀ ਹੋਣ ਦੀ ਬਜਾਏ ਔਜੁੜੇ ਰਾਹਾਂ ਦੇ ਪਾਂਧੀ ਬਣਦੇ ਜਾ ਰਹੇ ਹਨ। ਉਹ ਨਾ ਆਪਣੇ ਪ੍ਰਤਿ ਸੁਹਿਰਦ ਹਨ ਨਾ ਮਾਪਿਆਂ ਅਤੇ ਸਮਾਜ ਪ੍ਰਤਿ। ਉਨ੍ਹਾਂ ਦੀ ਬੇਰੁਜ਼ਗਾਰੀ, ਫੁਕਰਾਪਨ,ਘਟੀਆ ਹੈਕੜਬਾਜ਼ੀ ਆਦਿ ਉਹਨਾ ਨੂੰ ਗ਼ਲਤ ਰਾਹ 'ਤੇ ਤੋਰ ਦਿੱਤਾ ਹੈ। ਟੌਹਰ ਨਾਲ ਰਹਿਣਾ, ਵੱਡੀਆਂ ਵੱਡੀਆਂ ਗੱਡੀਆਂ ਵਿਚ ਘੁੰਮਣਾ ,ਹਥਿਆਰ ਹਮੇਸ਼ਾਂ ਕੋਲ ਰੱਖਣੇ, ਲੋਕਾਂ ਵਿਚ ਦਹਿਸ਼ਤ ਫੈਲਾਉਣ ਵਾਲੇ ਕਾਰੇ ਕਰਨੇ, ਇਹ ਸਾਰੀਆਂ ਗੱਲਾਂ ਉਹਨਾਂ ਗੌਂਡਰਾਂ ਨੂੰ ਸੈਲਫ- ਸਟਾਈਲ ਹੀਰੋ ਬਣਾਉਂਦੀਆਂ ਹਨ। ਜਦੋਂ ਇਹ ਗੌਂਡਰ ਕਾਰੇ ਕਰਨੇ ਸ਼ੁਰੂ ਕਰਦੇ ਹਨ ਤਾਂ ਕੋਈ ਵੀ ਗੌਲਦਾ ਨਹੀ। ਜਦੋਂ ਇਹ ਵੱਡੇ ਵੱਡੇ ਕਾਰੇ ਕਰਨ ਲਗਦੇ ਹਨ ਤਾਂ ਵੀ ਕਈ ਕਈ ਜੁਰਮਾਂ ਦੀ ਮਾੜੀ-ਮੋਟੀ ਸਜ਼ਾ ਦੇ ਕੇ ਜਮਾਨਤ 'ਤੇ ਛੱਡ ਦਿੱਤੇ ਜਾਂਦੇ ਹਨ। ਬਹੁਤੀ ਵਾਰੀ ਇਹਨਾਂ ਦੀ ਪਿੱਠ 'ਤੇ ਵੱਡੇ ਵੱਡੇ ਰਾਜਨੀਤਕਾਂ ਦਾ ਹੱਥ ਹੁੰਦਾ ਹੈ। ਹੁਣ ਜਦੋਂ ਪਾਣੀ ਸਿਰਾਂ ਉੱਤੋਂ ਲੰਘ ਚੁੱਕਾ ਹੈ ਤਾਂ ਸਰਕਾਰ ਨੂੰ ਵੀ ਸੁਰਤ ਆ ਰਹੀ ਹੈ, ਨਹੀ ਤਾਂ ਪਹਿਲਾਂ ਤਾਂ ਇੱਕ ਦੂਜੇ ਉੱਤੇ ਹੀ ਦੋਸ਼ ਲਾਈ ਜਾਂਦੇ ਸਨ। ਅੱਜ ਕਲ੍ਹ ਤਾਂ ਇੰਨੀ ਕੁ ਸੁਰਤ ਵੀ ਆ ਰਹੀ ਹੈ ਕਿ ਇਨ੍ਹਾ ਨੌਜਵਾਨਾਂ ਨੂੰ ਹਥਿਆਰਾਂ ਤੇ ਕਬਜ਼ਿਆਂ ਲਈ ਵੀ ਗਾ ਇਕਾ ਦੇ ਗੀਤ ਹੀ ਉਤਸ਼ਾਹਿਤ ਕਰਦੇ ਹਨ। ਵਾਲਾਂ ਦੇ ਪੁੱਠੇ-ਸਿਧੇ ਡਿਜ਼ਾਇਨ ਬਣਾ ਕੇ ਆਪਣੇ ਆਪ ਨੂੰ ਦੂਜਿਆਂ ਨਾਲੋ ਵੱਖਰੇ ਸਮਝਣਾ ਇਨ੍ਹਾ ਦੇ ਦਿਮਾਗਾਂ ਵਿਚ ਫਤੂਰ ਭਰ ਦਿੰਦਾ ਹੈ। ਫਿਰ ਇਹ ਕਿਸੇ ਨੂੰ ਵੀ ਆਪਣੇ ਮੇਚ ਦਾ ਨਹੀ ਸਮਝਦੇ।ਇਹ ਸਾਰਾਏ ਕੁਝ ਕਰਨ ਵਾਲੇ ਕੌਣ ਹਨ। ਇਹ ਸ਼ਹਿਰਾਂ ਦੇ ਅਮੀਰ ਮੁੰਡੇ ਨਹੀ ਹਨ। ਨਾ ਹੀ ਅਮੀਰ ਜਗੀਰਦਾਰਾਂ ਦੇ। ਇਹਨਾਂ ਦੇ ਬੱਚੇ ਤਾਂ ਬਚਪਨ ਤੋਂ ਹੀ ਭਵਿੱਖਮੁਖੀ ਹੁੰਦੇ ਹਨ। ਇਹ ਨੂੰ ਤਾਂ ਪੜ੍ਹ ਲਿਖ ਕੇ ਉਚੀਆ ਡਿਗਰੀਆਂ ਪ੍ਰਾਪਤ ਕਰਨ ਦੀ ਹੋੜ ਵਿਚ ਹੀ ਲੱਗੇ ਰਹਿੰਦੇ ਹਨ। ਸਾਡਾ ਪੇਂਡੂ ਸਮਾਜ ਇੱਦਾਂ ਦਾ ਹੈ ਜਿਥੇ ਲਗਦਾ ਤਾਂ ਇਉਂ ਹੈ ਕਿ ਉਹ ਆਪਣੇ ਬੱਚਿਆਂ ਬਾਰੇ ਬਹੁਤ ਫਿਕਰਮੰਦ ਹਨ ਪਰ ਉਨ੍ਹਾ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀ ਪੈਂਦਾ। ਕਾਰਨ ਇਹ ਹੈ ਕਿ ਉਹ ਕੋਸ਼ਿਸ਼ਾਂ ਗ਼ਲਤ ਪਾਸੇ ਕਰਦੇ ਹਨ, ਜਿਵੇ ਘਰੇਲੂ ਮਹੌਲ ਤਾਂ ਮਾਂ-ਬੋਲੀ ਪੰਜਾਬੀ ਦਾ ਹੈ ਪਰ ਆਪਾਂ ਉਨ੍ਹਾਂ ਨੂੰ ਅੰਗਰੇਜ਼ੀ ਅਤੇ ਅੰਗਰੇਜ਼ੀ ਮੀਡੀਅਮ ਮੁੱਢ ਤੋਂ ਹੀ ਪੜ੍ਹਾਉਦੇ ਹਾਂ ਜਦੋਂ ਕਿ ਸਾਰੇ ਮਨੋਵਿਗਿਆਨੀ ਇਹ ਮੰਨਦੇ ਹਨ ਕਿ ਸਭ ਤੋ ਪਹਿਲਾਂ ਮਾਂ-ਬੋਲੀ ਬੱਚਾ ਆਪੇ ਹੀ ਸਿੱਖ ਲੈਂਦਾ ਹੈ ਤਾਂ ਬਾਕੀ ਭਾਸ਼ਾਵਾਂ ਤਾਂ ਸੌਖੀਆਂ ਹੀ ਸਿੱਖੀਆਂ ਜਾ ਸਕਦੀਆਂ ਹਨ। ਪਰ ਸਾਡੇ ਇਨ੍ਹਾਂ ਬੱਚਿਆਂ ਦਾ ਦੁਖਾਂਤ ਇਹ ਹੈ ਕਿ ਮੁਢ ਤੋਂ ਅੰਗਰੇਜ਼ੀ ਸਿਖਦੇ ਸਿਖਦੇ ਨਾ ਇਨ੍ਹਾ ਨੂੰ ਪੂਰੀ ਤਰ੍ਹਾਂ ਪੰਜਾਬੀ ਆਂਉਦੀ ਹੈ, ਨਾ ਹੀ ਅੰਗਰੇਜ਼ੀ। ਇਹ ਵਿੱਚਵਿਚਾਲੇ ਤ੍ਰਿਸ਼ੰਕੂ ਵਾਂਗੂ ਲਟਕਦੇ ਰਹਿੰਦੇ ਹਨ।ਕੁਝ ਸਾਲ ਔਖੇ ਸੌਖੇ ਟਪਾਉਂਦੇ ਹਨ। ਫਿਰ ਕਈ ਤਾਂ ਪੜ੍ਹਾਈ ਵਿਚਕਾਰ ਹੀ ਛੱਡ ਜਾਂਦੇ ਹਨ, ਕਈ ਪੜ੍ਹ ਤਾਂ ਸਕੇ ਨਹੀਂ ਹੁੰਦੇ ਪਰ ਆਪਣਾ ਅੱਧਪੜ੍ਹ ਰਹਿਣ ਦਾ ਕਲੰਕ ਧੋਣ ਲਈ ਪੁੱਠੇ ਕੰਮਾਂ ਵਿਚ ਪੈ ਜਾਂਦੇ ਹਨ। ਜੇਕਰ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਇਸ ਸਭ ਕੁਝ ਪਿੱਛੇ ਬਹੁਤਾ ਕਸੂਰ ਮਾਪਿਆਂ ਦਾ ਹੀ ਹੈ।ਉਨ੍ਹਾਂ ਨੇ ਹੀ ਵੱਡੇ-ਵੱਡੇ ਸੁਪਨੇ ਸਿਰਜੇ ਸਨ ਪਰ ਮਸਲਾ ਐਨਾ ਗੰਭੀਰ ਬਣ ਜਾਂਦਾ ਹੈ ਕਿ ਕਿਸੇ ਦੇ ਵੀ ਪੱਲੇ ਕੁਝ ਨਹੀ ਪੈਂਦਾ। ਬੱਚਿਆਂ ਦਾ ਭਵਿਖ ਕੁਰਾਹੇ ਪੈ ਜਾਂਦਾ ਹੈ। ਜ਼ਿੰਦਗੀ ਵਿਚ ਅਨਿਸ਼ਚਿਤਤਾ, ਬੇਰੁਜ਼ਗਾਰੀ, ਭਵਿਖਹੀਣਤਾ, ਅਸਪਸ਼ਟ ਸੇਧ ਆਦਿ, ਜੀਵਨ ਨੂੰ ਐਨੀ ਬੁਰੀ ਤਰਾਂ ਝੰਜੋੜਦੀਆਂ ਹਨ ਕਿ ਜਵਾਨੀ ਵਿਚਲੀ ਸਹਿਜਤਾ ਖਤਮ ਹੋ ਜਾਂਦੀ ਹੈ।ਫਿਰ ਅੱਥਰੀ ਜਵਾਨੀ ਜਿਧਰ ਨੂੰ ਮੂੰਹ ਹੁੰਦਾ ਤੁਰ ਪੈਂਦੀ ਹੈ। ਜੋਸ਼ ਤਾਂ ਬਹੁਤ ਹੁੰਦਾ ਹੈ ਪਰ ਬੁਹਤੀ ਵਾਰ ਹੋਸ਼ ਗੁਆ ਬਹਿੰਦੀ ਹੈ। ਭਟਕੀ ਹੋਸ਼ ਕੁਰਾਹੇ ਪੈ ਕੇ ਮਾੜੇ ਕੰਮੀ ਪੈ ਕੇ ਗ਼ਲਤ ਤਰੀਕਿਆਂ ਨਾਲ ਨਾਂ ਬਣਾਉਂਦੀ ਹੈ। ਅੱਜ ਕਲ੍ਹ ਜਵਾਨੀ ਨੇ ਪਰਦੇਸਾਂ ਵੱਲ੍ਹ ਮੂੰਹ ਕਰ ਲਿਆ ਹੈ। ਪਿਛਲੇ ਸਾਲ ਦੇ ਵਿਚ ਹੀ ਕਈ ਲੱਖ ਨੌਜਵਾਨ ਮੁੰਡੇ-ਕੁੜੀਆਂ ਨੇ ਪੜ੍ਹਾਈ ਕਰ ਕੇ ਉਥੈ ਹੀ ਪੱਕੇ ਤੋਰ 'ਤੇ ਵਸਣ ਦਾ ਇਰਾਦਾ ਬਣਾ ਲਿਆ ਲ਼ਗਦੈ। ਕੀ ਇਸ ਸਭ ਕੁਝ ਲਈ ਸਰਕਾਰਾਂ ਦੀ ਗੈਰਜ਼ਿੰਮੇਵਾਰੀ ਜਾਹਰ ਨਹੀਂ ਹੁੰਦੀ? ਸਰਕਾਰ ਜਿਹੜੀ ਮਰਜੀ ਆ ਜਾਵੇ ਕਿਸੇ ਦੇ ਅਜੰਡੇ 'ਤੇ ਵੀ ਨੌਜਵਾਨਾਂ ਦਾ ਭਵਿਖ ਨਹੀਂ ਹੈ। ਹੇੜ੍ਹਾਂ ਦੀਆਂ ਹੇੜ੍ਹਾਂ ਅੰਨ੍ਹੇਵਾਹ ਮੋਟਰਸਾਈਕਲਾਂ'ਤੇ ਦਬੀੜਾਂ ਦਿੰਦੇ ਫਿਰਦੇ ਹਨ। ਬੇਮਕਸਦ ਤੇਜ਼ੀ ਨਿੱਤ ਐਕਸੀਡੈਂਟਾਂ ਨਾਲ ਸੜਕਾਂ ਰੱਤੀਆਂ ਕਰਦੀ ਹੈ। ਇਹਨਾਂ ਮਰਨ ਵਾਲਿਆਂ ਵਿਚ ਬਹੁਗਿਣਤੀ ਨੋਜਵਾਨਾਂ ਦੀ ਹੀ ਹੈ। ਨਿੱਤ, ਘਰਾਂ ਦੇ ਘਰ ਪੁੱਤਾਂ ਵਿਰਵੇਂ ਹੋ ਰਹੇ ਹਨ। ਕਿਸੇ ਸਰਕਾਰ ਨੂੰ ਵੀ ਸਾਡੇ ਸਮਾਜ ਦੇ ਇਸ ਵਰਤਾਰੇ ਦੀ ਫਿਕਰਮੰਦੀ ਨਹੀਂ ਹੈ।ਕਿਸੇ ਦੇ ਰੁਜ਼ਗਾਰ ਬਾਰੇ ਕਿਸੇ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਹਰ ਸਰਕਾਰ ਨਾਹਰੇ ਬਥੇਰੇ ਲਾਉਂਦੀ ਹੈ ਪਰ ਨਤੀਜਾ ਸਿਫਰ ਹੀ ਹੁੰਦਾ ਹੈ। ਜਿਵੇਂ ਉੱਪਰ ਦੱਸਿਆ ਹੈ 'ਮਰਦਾ ਕੀ ਨਾ ਕਰਦਾ' ਭਟਕਿਆ ਨੌਜਵਾਨ ਪੁੱਠੇ ਸਿੱਧੇ ਕੰਮਾਂ ਵਿਚ ਫਸ ਕੇ ਗੁਨਾਹਾਂ ਦੀ ਦੁਨੀਆਂ ਵਿਚ ਗਰਕ ਜਾਂਦਾ ਹੈ। ਨੌਜਵਾਨੋਂ ਜਾਗੋ! ਕਦੋਂ ਤਕ ਤੁਸੀਂ ਰਾਜਨੀਤਕਾਂ ਦੇ ਹੱਥਠੋਕੇ ਬਣੇ ਰਹੋਂਗੇ? ਕਦ ਤੱਕ ਤੁਸੀਂ ਸਿਰਫ ਵੋਟ ਹੀ ਸਮਝੇ ਜਾਂਦੇ ਰਹੋਂਗੇ? ਆਪਣੀ ਅਹਿਮੀਅਤ ਪਛਾਣੋ। ਮੁਫਤ ਦੀ ਭੀਖ ਨਾ ਸਵੀਕਾਰੋ। ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਵੋ। ਫਿਰ ਦੇਖਣਾ ਭਵਿਖ ਤੁਹਾਡਾ ਹੋਵੇਗਾ।



ਜੀਵਨ-ਜਾਚ

# ਗੁੱਸੇ ਦੀ ਊਰਜਾ

ਜਸਪ੍ਰੀਤ ਕੌਰ ਸੈਣੀ


ਗੁੱਸਾ ਇੱਕ ਅਜਿਹਾ ਸਰਾਪ ਹੈ ਜਿਸ ਨਾਲ ਇਨਸਾਨ ਸਮਾਜ ਵਿੱਚ ਰਹਿੰਦੇ ਹੋਏ ਵੀ ਇੱਕਲਾ ਹੋ ਜਾਂਦਾ ਹੈ। ਇਸ ਨਾਲ ਕਈ ਬਣੇ ਹੋਏ ਕਾਰਜ ਵੀ ਵਿਗੜ ਜਾਂਦੇ ਹਨ। ਜੇਕਰ ਇਨਸਾਨ ਚਾਹੇ ਤਾਂ ਉਹ ਗੁੱਸੇ ਦੀ ਵਰਤੋਂ ਊਰਜਾ ਦੇ ਰੂਪ ਵਿੱਚ ਕਰ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਕੋਈ ਮਹਾਨ ਕਾਰਜ ਆਸਾਨੀ ਨਾਲ ਹੋ ਸਕਦਾ ਹੈ। ਗੁੱਸੇ ਵਿੱਚ ਕਈ ਲੋਕ ਆਪਣੇ ਬਚਪਨ ਦੇ ਦੋਸਤਾਂ ਨੂੰ ਵੀ ਗਵਾ ਦਿੰਦੇ ਹਨ। ਗੁੱਸੇ ਨੂੰ ਸਦਉਪਯੋਗ ਵਿੱਚ ਲਿਆਂਦਾ ਜਾ ਸਕਦਾ ਹੈ। ਪੜ੍ਹਨ ਵਾਲੇ ਬੱਚੇ ਅਗਰ ਗੁੱਸੇ 'ਚ ਗਲਤ - ਮਲਤ ਕੰਮ ਕਰਨ ਦੀ ਬਜਾਏ ਉਹੀ ਗੁੱਸੇ ਦੀ ਊਰਜਾ ਨੂੰ ਪੜ੍ਹਾਈ ਵਾਲੇ ਪਾਸੇ ਲਗਾ ਦੇਣ ਤਾਂ ਗੱਡੀ ਲੀਹ 'ਤੇ ਆ ਸਕਦੀ ਹੈ। ਇੱਕ ਕਮਜ਼ੋਰ ਬੱਚਾ ਵੀ ਅਗਰ ਗੁੱਸੇ 'ਚ ਜਾਨ ਦੇਣ ਦੀ ਬਜਾਏ ਉਹੀ ਊਰਜਾ ਪੜ੍ਹਾਈ ਵੱਲ ਲਗਾ ਦੇਵੇ ਤਾਂ ਕੁੱਝ ਬਣ ਸਕਦਾ ਹੈ।

ਅਕਸਰ ਵੇਖਣ 'ਚ ਆਇਆ ਹੈ ਕਿ ਗੁੱਸੇ 'ਚ ਆ ਕੇ ਜਵਾਨ ਮੁੰਡੇ, ਕੁੜੀਆਂ ਆਤਮਹੱਤਿਆ ਕਰਨ ਨੂੰ ਚੱਲ ਪੈਂਦੇ ਹਨ। ਇਹ ਜੀਵਨ ਬਹੁਤ ਕੀਮਤੀ ਹੈ। ਇਨਸਾਨ ਦਾ ਜਾਮਾ ਵਾਰ-ਵਾਰ ਨਹੀਂ ਮਿਲਦਾ। ਇਸ ਜੀਵਨ ਦਾ ਸਦਉਪਯੋਗ ਹੋ ਸਕਦਾ ਹੈ ਅਗਰ ਅਸੀਂ ਗੁੱਸੇ ਦੀ ਊਰਜਾ ਦਾ ਸਦਉਪਯੋਗ ਕਰਨਾ ਸਿੱਖ ਲਈਏ। ਵੇਖਣ 'ਚ ਆਇਆ ਹੈ ਕਿ ਹੁਸ਼ਿਆਰ ਬੱਚੇ ਅਕਸਰ ਗੁੱਸੇ ਵਾਲੇ ਹੁੰਦੇ ਨੇ। ਪਰ ਉਹ ਆਪਣੇ ਗੁੱਸੇ ਦੀ ਊਰਜਾ ਨੂੰ ਪੜ੍ਹਾਈ 'ਚ ਲਾ ਦਿੰਦੇ ਨੇ ਤੇ ਜੀਵਨ ਸਫਲ ਬਣਾ ਲੈਂਦੇ ਨੇ। ਇੱਕ ਖਿਡਾਰੀ ਆਪਣੇ ਗੁੱਸੇ ਨੂੰ ਜਿੱਤ ਵਾਲੇ ਪਾਸੇ ਲਗਾ ਦਿੰਦਾ ਹੈ। ਉਹ ਜਿੱਤਾਂ ਹਾਸਲ ਕਰ ਕੇ ਚੰਗੇ ਕੈਰੀਅਰ ਦਾ ਮਾਲਕ ਬਣ ਕੇ ਵਿਖਾ ਦਿੰਦਾ ਹੈ।

ਗੁੱਸੇ ਨੂੰ ਕਦੀ ਦਬਾ ਕੇ ਨਾ ਰੱਖੋ। ਦੱਬਿਆ ਗੁੱਸਾ ਦੱਬੀ ਅੱਗ ਦੀ ਤਰ੍ਹਾਂ ਭਖ ਪਵੇ ਤਾਂ ਖਤਰੇ ਤੋਂ ਖਾਲੀ ਨਹੀਂ ਹੁੰਦਾ। ਇਸ ਵਾਸਤੇ ਗੁੱਸੇ ਨੂੰ ਦਬਾ ਕੇ ਰੱਖਣ ਦੀ ਬਜਾਏ ਇਸ ਦਾ ਸਦਉਪਯੋਗ ਕਰੋ। ਆਪਣੀ ਬਿਰਤੀ ਨੂੰ ਸਿੱਧੇ ਪਾਸੇ ਲਗਾਓ। ਸਿੱਧੀ ਦਿਸ਼ਾ 'ਚ ਧਿਆਨ ਰੱਖਣ ਨਾਲ ਰਸਤੇ ਆਪਣੇ-ਆਪ ਖੁੱਲ੍ਹ ਜਾਂਦੇ ਨੇ। ਬੰਦ ਪਏ ਦਰਵਾਜ਼ੇ ਵੀ ਰਸਤਾ ਦੇ ਦਿੰਦੇ ਨੇ। ਲੋੜ ਸਿਰਫ਼ ਚੰਗੀ ਸੋਚ ਦੀ ਹੈ। ਗੁੱਸੇ 'ਚ ਆ ਕੇ ਕਿਸੇ ਦਾ ਸਿਰ ਪਾੜਨ ਦੀ ਬਜਾਏ ਅਗਰ ਔਖੇ ਕੰਮ ਦਾ ਹੱਲ ਕੱਢ ਲਿਆ ਜਾਵੇ ਤਾਂ ਸੋਭਾ ਮਿਲਦੀ ਹੈ ਤੇ ਕੋਈ ਨੇਕ ਕੰਮ ਹੋ ਜਾਂਦਾ ਹੈ। ਗੁੱਸੇ 'ਚ ਆ ਕੇ ਕਿਸੇ ਦਾ ਨੁਕਸਾਨ ਕਰਨ ਨਾਲ ਸਿਰ ਸੁਆਹ ਹੀ ਪੈਂਦੀ ਹੈ, ਮਾਣ-ਇੱਜ਼ਤ ਨਹੀਂ ਮਿਲਦੀ।

ਮਨ ਨੂੰ ਸ਼ਾਤ ਰੱਖਣਾ ਸਿੱਖੋ। ਕਿਸੇ ਦੇ ਕੰਮ ਆਉਣਾ ਸਿੱਖੋ। ਕੁਝ ਵਿਗਾੜਨ ਦੀ ਬਜਾਏ ਕੁਝ ਸੰਵਾਰਨਾ ਸਿੱਖੋ। ਗਰੀਬ- ਗੁਰਬੇ ਦੀ ਮਦਦ ਕਰਨਾ ਸਿੱਖੋ। ਦਿਆਲੂ ਹੋਣਾ ਬਹੁਤ ਹੀ ਅੱਛਾ ਕਰਮ ਹੈ। ਦਿਆਲਤਾ ਰੱਬ ਦਾ ਰੂਪ ਹੁੰਦੀ ਹੈ। ਲੋੜਵੰਦਾਂ ਦੀ ਮਦਦ ਕਰਨਾ ਸਿੱਖੋ। ਆਪਣੇ ਆਂਢ-ਗੁਆਂਢ 'ਚ ਪਿਆਰ ਵੰਡੋ। ਦੂਜਿਆਂ ਦੀ ਇੱਜ਼ਤ ਕਰਨਾ ਸਿੱਖੋ। ਗੁੱਸਾ ਆਪਣੇ ਆਪ ਕੰਮ ਵਿਗਾੜਨ ਦੀ ਬਜਾਏ ਕੰਮ ਸੰਵਾਰਨਾ ਸ਼ੁਰੂ ਕਰ ਦੇਵੇਗਾ। ਪਰ ਇਸਦਾ ਪੱਕਾ ਹੋਣਾ ਜ਼ਰੂਰੀ ਹੈ। ਪੱਕੇ ਇਰਾਦੇ ਨਾਲ ਸਭ ਕੁਝ ਹੋ ਸਕਦਾ ਹੈ। ਗੁੱਸੇ ਦੀ ਊਰਜਾ ਇਤਨੀ ਸ਼ਕਤੀਸਾਲੀ ਹੈ ਕਿ ਕੋਈ ਵੀ ਮੁਸੀਬਤ ਹੱਲ ਕੀਤੀ ਜਾ ਸਕਦੀ ਹੈ।

ਗੁੱਸਾ ਇੱਕ ਅਜਿਹੀ ਚੀਜ ਹੈ ਜੋ ਸਾਡੀ ਕੀਤੀ ਕਰਾਈ ਤੇ ਪਾਣੀ ਫੇਰ ਦਿੰਦੀ ਹੈ। ਇਸ ਲਈ ਇਸ ਨੂੰ ਪਿਆਰ,ਸਤਿਕਾਰ ਤੇ ਸਹਿਣਸ਼ੀਲਤਾ 'ਤੇ ਭਾਰੂ ਨਾ ਹੋਣ ਦਿਉ।



- ਗੁੱਸੇਖੋਰ ਅਤੇ ਚਿੜਚਿੜੇ ਵਿਅਕਤੀ ਦੇ ਚਿਹਰੇ 'ਤੇ ਤੇਜ ਨਹੀਂ ਰਹਿੰਦਾ।
- ਮੂਰਖਾਂ ਨੂੰ ਉਪਦੇਸ਼ ਦੇਣਾ, ਉਨ੍ਹਾਂ ਦੇ ਗੁੱਸੇ ਨੂੰ ਵਧਾਉਣਾ ਹੈ।
- ਗੁੱਸਾ ਬੰਦੇ ਨੂੰ ਅੰਨ੍ਹਾਂ ਕਰ ਦਿੰਦਾ ਹੈ। ਇਹ ਸਲੀਕੇਬਾਜੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਹਰ ਗੱਲ 'ਤੇ ਗੁੱਸੇ ਵਿੱਚ ਨਾ ਆਉ।
- ਉਹ ਮਨੁੱਖ ਬੁੱਧੀਮਾਨ ਹੈ ਜਿਹੜਾ ਗੁੱਸੇ ਦੀ ਹਾਲਤ ਵਿੱਚ ਵੀ ਬੁਰੀ ਗੱਲ ਮੂੰਹੋਂ ਨਹੀਂ ਕੱਢਦਾ।
- ਵੱਡਿਆਂ ਦੇ ਬਰਾਬਰ ਬੋਲਣ ਨਾਲ, ਕਿਸੇ ਦੀ ਗੱਲ ਨੂੰ ਬਰਦਾਸ਼ਤ ਨਾ ਕਰਨ ਅਤੇ ਗੁੱਸਾ ਕਲੇਸ਼ ਪਾਉਂਣ ਨਾਲ ਘਰ ਦੀਆਂ ਨੀਹਾਂ ਕਮਜ਼ੋਰ ਹੰਦੀਆਂ ਹਨ।
- ਗੁੱਸੇ ਵਿੱਚ ਵਿਰੋਧ ਨੂੰ ਤਿਆਗ ਕੇ ਆਪਣੀਆਂ ਪ੍ਰੇਸ਼ਾਨੀਆਂ ਦਾ ਆਪ ਇਲਾਜ ਕਰੋ।
- ਗੁੱਸੇ ਤੇ ਨਫ਼ਰਤ ਦਾ ਰਾਹ ਕਦੇ ਵੀ ਉਚੇ ਪਾਸੇ ਵੱਲ ਨਹੀਂ ਜਾਂਦਾ।
- ਗੁੱਸੇ ਨੂੰ ਮੁਆਫ਼ੀ ਨਾਲ, ਘਮੰਡ ਨੂੰ ਨਿਮਰਤਾ ਨਾਲ ਅਤੇ ਲੋਭ ਨੂੰ ਸੰਤੋਖ ਨਾਲ ਜਿੱਤ ਕੇ ਬਹੁਮੁੱਲੇ ਜੀਵਨ ਨੂੰ ਸਫਲ ਬਣਾਉ।
- ਸਫ਼ਰ ਦੋ ਪਲ ਦਾ ਹੈ। ਗੁੱਸਾ ਕਿਹੜੀ ਗੱਲ ਦਾ ਹੈ ਕਿਉਕਿ ਭਰੋਸਾ ਨਹੀਂ ਇੱਕ ਪਲ ਦਾ ਹੈ।
- ਗੁੱਸਾ ਆਵੇ ਤਾਂ ਚੁੱਪ ਧਾਰ ਲਵੋ, ਮੁਸੀਬਤ ਟਲ ਜਾਵੇਗੀ।
- ਲੋਕ ਪਹਿਨਣ ਅਤੇ ਖਾਣ-ਪੀਣ ਦਾ ਪੱਧਰ ਉੱਚ ਕਰ ਲੈਂਦੇ ਹਨ, ਪਰ ਸੋਚਣ ਦਾ ਪੱਧਰ ਉੱਚਾ ਕਰਨ ਵੱਲ ਕੋਈ ਧਿਆਨ ਨਹੀਂ ਦਿੰਦਾ।



## ਸੁਨੇਹੇ ਸੱਜਣਾਂ ਦੇ

ਪਿਆਰੇ ਵੀਰ ਜੀ,

ਸਤਿ ਸ਼੍ਰੀ ਅਕਾਲ ਪ੍ਰਵਾਨ ਕਰਨੀ ਜੀ।

ਸੈਣੀ ਸੰਸਾਰ ਦਾ ਨਵੇਂ ਸਾਲ ਦਾ ਅੰਕ-28 ਨਵੇਂ ਸਾਲ ਦੀਆਂ ਖੁਸ਼ੀਆਂ ਤੇ ਵਿਲੱਖਣ ਰਚਨਾਵਾਂ ਲੈ ਕੇ ਪਹੁੰਚ ਗਿਆ ਹੈ। ਗਿਆਨਭਰਪੂਰ ਤੇ ਸਾਹਿਤਕ ਰਚਨਾਵਾਂ ਪੜ੍ਹ ਕੇ ਮਨ ਖੁਸ਼ ਹੋਇਆ। ਤੁਹਾਡੀ ਸੰਪਾਦਕੀ ਪਹਿਲਾਂ ਦੀ ਤਰ੍ਹਾਂ ਗੰਭੀਰ ਵਿਸ਼ੇ 'ਤੇ ਸੀ। ਸਮਾਜ ਦੀ ਦੁਖਦੀ ਰਗ ਤੇ ਤੁਸੀਂ ਹੱਥ ਰੱਖਿਆ ਤੇ ਸਭ ਨੂੰ ਇਸ ਵਿਸ਼ੇ 'ਤੇ ਸੋਚਣ ਦਾ ਹੋਕਾ ਦਿੱਤਾ।

ਡਾ. ਸਵਰਨ ਸਿੰਘ ਬਾਰੇ ਪੜ੍ਹ ਕੇ ਹੈਰਾਨ ਭਰੀ ਜਾਣਕਾਰੀ ਮਿਲੀ। ਏਨੀਆਂ ਕਿਤਾਬਾਂ ਦਾ ਵਿਦਵਾਨ ਰਚੇਤਾ, ਤੇ ਮੇਰੇ ਵਰਗਿਆਂ ਨੂੰ ਪਤਾ ਹੀ ਨੀ ਸੀ ਕਿ ਇਹ ਸਾਡੇ ਇਲਾਕੇ ਦੇ ਹੀਰੇ ਹਨ। ਅਸੀਂ ਤਾਂ ਨਵਤੇਜ ਪੁਆਧੀ ਨੂੰ ਹੀ ਭਿਉਰਾ ਵਾਸੀ ਮੰਨਦੇ ਸਾਂ। ਮਨਮੋਹਨ ਸਿੰਘ ਦਾਊਂ ਦਾ ਬਹੁਤ ਬਹੁਤ ਧੰਨਵਾਦ। ਇਨ੍ਹਾਂ ਨੇ ਸਾਡੇ ਪਿੰਡ ਸਹੌੜਾਂ ਦੇ ਵਾਸੀ, ਮੇਰੇ ਤਾਇਆ ਜੀ ਸ. ਰਤਨ ਸਿੰਘ ਸਹੌੜਾਂ ਬਾਰੇ ਵੀ ਲਿਖ ਕੇ , ਉਨ੍ਹਾਂ ਦੀ ਕਿਤਾਬ ਛਪਵਾ ਕੇ ਪਾਠਕਾਂ ਦੇ ਰੂ-ਬ-ਰੂ ਕੀਤਾ ਸੀ। ਹੋ ਸਕੇ ਤਾਂ ਤੁਸੀਂ ਇਨ੍ਹਾਂ ਆਗਿਆ ਲੈ ਕੇ ਉਹ ਲੇਖ ਛਾਪ ਸਕਦੇ ਹੋ। ਤੁਸੀਂ ਜਿਵੇਂ ਸਾਕੀ ਸਾਹਿਬ ਦੀ ਰਚਨਾ ਛਾਪੀ ਇਸੇ ਤਰ੍ਹਾਂ ਡਾ. ਸਵਰਨ ਸਿੰਘ ਤੇ ਅਜਿਹੇ ਹੋਰ ਪ੍ਰਮੁੱਖ ਲੇਖਕਾਂ ਦੀਆਂ ਰਚਨਾਵਾਂ ਛਾਪ ਕੇ, 'ਸਾਡਾ ਵਿਰਸਾ' ਕਾਲਕ ਰੱਖ ਕੇ ਪਾਠਕਾਂ ਦੀ ਖੁਸ਼ੀ ਲੈ ਸਕਦੇ ਹੋ।

ਲਿਉਸ ਤਾਸਕੀ ਬਾਰੇ ਤੁਸੀਂ ਜਾਣਕਾਰੀ ਭਰਪੂਰ ਲੇਖ ਲਿਖ ਕੇ ਸੈਣੀ ਸੰਸਾਰ ਨੂੰ ਚਾਰ ਚੰਨ ਲਾ ਦਿੱਤੇ। ਪੰਨੂ ਸਾਹਿਬ ਨੇ ਹੋਰ ਬਹੁਤ ਹਸਤੀਆਂ ਜਿਹੜੀਆਂ ਵਕਦ ਦੀ ਗਰਦ 'ਚ ਅਲੋਪ ਹੋ ਗਈਆਂ ਜਾਂ ਜਿਨ੍ਹਾਂ ਦੀ ਪਹੁੰਚ ਪੰਜਾਬੀ ਪਾਠਕਾਂ ਤੱਕ ਨਹੀਂ ਸੀ, ਬਾਰੇ ਬਹੁਤ ਖੁਲ੍ਹ ਕੇ ਲਿਖਿਆ ਹੈ। ਅਜਿਹੇ ਹੋਰ ਲੇਖਾਂ ਦੀ ਮੰਗ ਹੈ ਪੰਜਾਬੀ ਪਾਠਕਾਂ ਨੂੰ। ਆਸ ਹੈ ਤੁਸੀਂ ਜ਼ਰੂਰ ਪਾਠਕਾਂ ਦੀ ਰੂਹ ਦੀ ਤ੍ਰਿਪਤੀ ਕਰੋਗੇ।

ਰਸਾਲੇ ਤੋਂ ਤੁਹਾਡੀਆਂ ਹੋਰ ਲੋਕ ਸੇਵਾ ਦੀਆਂ ਕਾਰਗੁਜ਼ਾਰੀਆਂ ਬਾਰੇ ਪਤਾ ਲਗ ਜਾਂਦਾ ਹੈ। ਵਿਦਿਆਰਥੀਆਂ ਨੂੰ ਮਾਇਕ ਹੁਲਾਰਾ ਤੇ ਨਾਲ ਨਾਲ ਉਨ੍ਹਾਂ ਦੇ ਵਿਕਾਸ ਬਾਰੇ ਸੋਚਣਾ ਤੇ ਕਰਨਾ ਤੁਹਾਡੇ ਹਿੱਸੇ ਆਇਆ ਹੈ। ਸੋ ਤੁਹਾਨੂੰ ਮੁਬਾਰਕਾਂ ਸਾਰੀ ਟੀਮ ਨੂੰ ਤੇ ਦੁਆ ਹੈ ਕਿ ਜਦੋਂ ਤੱਕ ਇਹ ਸੰਸਾਰ ਹੈ ਰੱਬ ਤੁਹਾਨੂੰ ਹੌਸਲਾ, ਹਿੰਮਤ ਤੇ ਲੋਕ-ਸੇਵਾ ਦੀ ਸ਼ਕਤੀ ਬਖਸ਼ੇ।

ਖੁਸ਼ੀ 'ਚ ਭਿੱਜਿਆ ਤੁਹਾਡਾ- ਚਰਨਜੀਤ ਸਿੰਘ ਕਤਰਾ, ਸਹੌੜਾਂ

**ਸੰਪਾਦਕ ਵਲੋਂ**- ਸ. ਚਰਨਜੀਤ ਸਿੰਘ ਜੀ! ਤੁਹਾਡੇ ਵਿਦਵਤਾਭਰਪੂਰ ਤੇ ਹੌਸਲਾਵਧਾਊ ਪੱਤਰ ਲਈ ਬਹੁਤ ਬਹੁਤ ਧੰਨਵਾਦ। ਆਪ ਜੀ ਵਲੋਂ ਦਿੱਤੇ ਬਹੁਮੁੱਲੇ ਸੁਝਾਵਾਂ ਅਨੁਸਾਰ ਮੈਗਜ਼ੀਨ ਦੀ ਸਮੱਗਰੀ ਵਿੱਚ ਸੋਧ/ ਵਾਧਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਸੰਪਾਦਕੀ ਟੀਮ ਨੂੰ ਪੂਰੀ ਆਸ ਹੈ ਕਿ ਆਪ ਜਿਹੇ ਸੁਹਿਰਦ ਤੇ ਨਿਸ਼ਠਾਵਾਨ ਪਾਠਕਾਂ ਸਦਕਾ ਮੈਗਜ਼ੀਨ 'ਸੈਣੀ ਸੰਸਾਰ' ਵਿੱਚ ਹੋਰ ਨਿਖਾਰ ਆਵੇਗਾ। ਇਸ ਮੈਗਜ਼ੀਨ ਵਿੱਚ ਛਪਣ ਲਈ ਆਪਣੀਆਂ ਕਲਾਤਮਿਕ ਰਚਨਾਵਾਂ ਨਿਰੰਤਰ ਭੇਜਣ ਦੀ ਕਿਰਪਾਲਤਾ ਕਰਨੀ ਜੀ।

* * * * *



## The Celebration

Harshita Saini

On His birthday, He welcomed us with open arms in the celebration of devotion and charms. Here are some words in His glory, a little tribute to His eternal story.

Thousands gathered at his home today
It was an occasion, a holy day
The biggest festivity in all land
This affair could be nothing but grand.

The lights and the stars came together
It was difficult to say which shone brighter
The moon was the commander of them all
Checking and responding to every call

The seas too gathered to witness the scene
Dancing and frolicking as happy as
they could be
The waters reflected the light like droplets of
gold
Floating ethereally, it was a sight to behold

It was a true show of abundance and wealth
Not materialistic, but of spiritual
power and strength
A mélange where all wordly elements unite
To celebrate an unearthly night.

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਰੁਪਿੰਦਰਜੀਤ ਸਿੰਘ ਲੱਖੇਵਾਲ ਡਾਇਰੈਕਟਰ ਆਰ.ਆਈ.ਐਮ.ਟੀ. "ਸੈਣੀ ਸੰਸਾਰ" ਦਾ 28ਵਾਂ ਅੰਕ ਜਾਰੀ ਕਰਦੇ ਹੋਏ।



ਡੀ.ਐਸ.ਪੀ. ਮਨਬੀਰ ਸਿੰਘ ਬਾਜਵਾ ਖੂਨਦਾਨੀਆਂ ਨੂੰ ਸਰਟੀਫਿਕੇਟ ਦਿੰਦੇ ਹੋਏ।



ਸੈਣੀ ਭਵਨ ਵਿਖੇ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਏ ਸਿਖਿਆਰਥੀ ਅਤੇ ਪ੍ਰਬੰਧਕ



ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਪ੍ਰਬੰਧਕ, ਐਸ.ਡੀ.ਐਮ. ਹਰਜੋਤ ਕੌਰ ਦਾ ਸਨਮਾਨ ਕਰਦੇ ਹੋਏ।



ਸੈਣੀ ਭਵਨ ਵਿਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਕਲਾਕਾਰ ਨਾਟਕ ਪੇਸ਼ ਕਰਦੇ ਹੋਏ ਅਤੇ ਸਿਖਿਆਰਥਣਾਂ ਐਕਸ਼ਨ ਗੀਤ ਪੇਸ਼ ਕਰਦੀਆਂ ਹੋਈਆਂ।

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ